ਅਧਿਆਇ 2

ਅਸਤਰ ਰਾਣੀ ਬਣਦੀ ਹੈ

ਅਧਿਆਇ 2 ਦੱਸਦਾ ਹੈ ਕਿ ਯਤੀਮ ਕੁੜੀ ਅਸਤਰ ਕਿਵੇਂ ਸ਼ਕਤੀਸ਼ਾਲੀ ਫ਼ਾਰਸੀ ਸਮਾਜ ਦੀ ਮਲਕਾ ਬਣ ਗਈ। ਫਿਰ ਇਹ ਦੱਸਦਾ ਹੈ ਕਿ ਕਿਵੇਂ ਉਹਦੇ ਤਾਏ ਦੇ ਪੁੱਤ ਭਰਾ ਅਤੇ ਸਰਪ੍ਰਸਤ ਮਾਰਦਕਈ ਨੇ ਉਹਦੀ ਮਦਦ ਨਾਲ ਬਾਦਸ਼ਾਹ ਅਹਸ਼ਵੇਰੋਸ਼ ਦੀ ਜਾਨ ਬਚਾਈ।

ਵਸ਼ਤੀ ਦੀ ਥਾਂ ਰਾਣੀ ਬਣਾਉਣ ਦੀ ਬਾਦਸ਼ਾਹ ਦੀ ਯੋਜਨਾ (2:1-4)

[1]ਇਨ੍ਹਾਂ ਗੱਲਾਂ ਦੇ ਮਗਰੋਂ ਜਦ ਪਾਤਸ਼ਾਹ ਅਹਸ਼ਵੇਰੋਸ਼ ਦਾ ਕ੍ਰੋਧ ਠੰਡਾ ਪੈ ਗਿਆ ਤਾਂ ਉਸ ਨੇ ਮਲਕਾ ਵਸ਼ਤੀ ਨੂੰ ਅਤੇ ਜੋ ਕੁਝ ਉਸ ਕੀਤਾ ਸੀ ਅਤੇ ਜੋ ਕੁਝ ਦੇ ਵਿਰੁੱਧ ਹੁਕਮ ਹੋਇਆ ਸੀ ਚੇਤੇ ਕੀਤਾ [2]ਤਾਂ ਪਾਤਸ਼ਾਹ ਦੇ ਟਹਿਲੂਆਂ ਨੇ ਜਿਹੜੇ ਉਹ ਦੀ ਸੇਵਾ ਕਰਦੇ ਹੁੰਦੇ ਸਨ ਆਖਿਆ ਕਿ ਪਾਤਸ਼ਾਹ ਲਈ ਜੁਆਨ ਅਤੇ ਸੁਣੱਖੀਆਂ ਕੁਆਰੀਆਂ ਭਾਲੀਆਂ ਜਾਣ [3]ਅਤੇ ਪਾਤਸ਼ਾਹ ਨੇ ਆਪਣੀ ਪਾਤਸ਼ਾਹੀ ਦੇ ਸਾਰਿਆਂ ਸੂਬਿਆਂ ਵਿਚ ਓਵਰਸੀਅਰ ਠਹਿਰਾਏ ਤਾਂ ਜੋ ਓਹ ਸਾਰੀਆਂ ਸੁਣੱਖੀਆਂ ਜੁਆਨ ਕੁਆਰੀਆਂ ਨੂੰ ਸ਼ੂਸ਼ਨ ਦੇ ਮਹਿਲ ਦੇ ਜਨਾਨ ਖ਼ਾਨੇ ਵਿਚ ਇਕੱਠੀਆਂ ਕਰ ਕੇ ਪਾਤਸ਼ਾਹ ਦੇ ਖੁਸਰੇ ਹੇਗਈ ਦੇ ਜਿਹੜਾ ਤੀਵੀਆਂ ਦਾ ਰਾਖਾ ਸੀ ਹੱਥ ਵਿਚ ਦੇਣ ਅਤੇ ਉਨ੍ਹਾਂ ਨੂੰ ਵਟਣੇ ਦੀਆਂ ਸਭ ਵਸਤਾਂ ਦਿੱਤੀਆਂ ਜਾਣ [4]ਅਤੇ ਜਿਹੜੀ ਛੋਕਰੀ ਪਾਤਸ਼ਾਹ ਦੀ ਨਿਗਾਹ ਵਿਚ ਚੰਗੀ ਹੋਵੇ ਉਹ ਵਸ਼ਤੀ ਦੇ ਥਾਂ ਮਲਕਾ ਹੋਵੇ। ਇਹ ਗੱਲ ਪਾਤਸ਼ਾਹ ਦੀ ਨਿਗਾਹ ਵਿਚ ਚੰਗੀ ਲਗੀ ਤਾਂ ਉਸ ਨੇ ਏਦਾਂ ਹੀ ਕੀਤਾ।

ਸਮਾਂ ਪਾ ਕੇ, ਜਦ ਬਾਦਸ਼ਾਹ ਨੇ ‘‘ਵਸ਼ਤੀ ਨੂੰ ਚੇਤੇ ਕੀਤਾ’’ ਤਾਂ ਉਸ ਦੇ ਸਹਾਇਕਾਂ ਨੇ ਉਸ ਨੂੰ ਉਹਦੀ ਥਾਂ ਕਿਸੇ ਹੋਰ ਨੂੰ ਲਾਉਣ ਲਈ ਮੁਕਾਬਲਾ ਕਰਵਾਉਣ ਦੀ ਸਲਾਹ ਦਿੱਤੀ।

ਆਇਤ 1. ਇਨ੍ਹਾਂ ਗੱਲਾਂ ਦੇ ਮਗਰੋਂ ਸਮੇਂ ਦੇ ਅਨਿਸ਼ਚਤਕਾਲ ਦਾ ਸੁਝਾਅ ਦਿੰਦਾ ਹੈ। 2:16 ਇਹ ਆਖਦਾ ਹੈ ਕਿ ਅਸਤਰ ਨੂੰ ਬਾਦਸ਼ਾਹ ਅਹਸ਼ਵੇਰੋਸ਼ ਦੇ ‘‘ਸਤਵੇਂ ਵਰ੍ਹੇ’’ (ਜਾਂ ਲਗਭਗ 479 ਈ.ਪੂ.) ਵਿਚ ਬਾਦਸ਼ਾਹ ਦੇ ਕੋਲ ਲਿਆਂਦਾ ਗਿਆ ਅਤੇ 1:3 ਦੱਸਦੀ ਹੈ ਕਿ ਬਾਦਸ਼ਾਹ ਨੇ ਆਪਣੇ ਤੀਜੇ ਵਰ੍ਹੇ ਆਪਣੀ ਹਕੂਮਤ ਦੇ ਸਰਦਾਰਾਂ ਲਈ ਦਾਅਵਤ ਦਿੱਤੀ (483 ਈ.ਪੂ. ਦੇ ਨੇੜੇ ਤੇੜੇ), ਇਸ ਕਰਕੇ ਇਹਦਾ ਮਤਲਬ ਇਹ ਹੋਇਆ ਕਿ ਅਸਤਰ ਦੀ ਤਾਜਪੋਸ਼ੀ ਵਸ਼ਤੀ ਦੇ ਗੱਦੀਉਂ ਲਾਹੇ ਜਾਣ ਤੋਂ ਚਾਰ ਕੁ ਸਾਲ ਬਾਅਦ ਹੋਈ ਹੋਵੇਗੀ। ਇਸੇ ਦੌਰਾਨ, ਅਕਸ਼ਰਕਸ਼ਸ (**ਅਹਸ਼ਵੇਰੋਸ਼**) ਨੇ ਯੂਨਾਨੀ ਤੇ ਫ਼ਤਹਿ ਪਾਉਣ ਦੀ ਆਪਣੀ ਮੁਹਿੰਮ ਸ਼ੁਰੂ ਕਰ ਦਿੱਤੀ। 480 ਈ.ਪੂ. ਵਿਚ ਵੱਡੀਆਂ ਫ਼ਾਰਸੀ ਫ਼ੌਜਾਂ ਨੇ ਬਹੁਤ ਛੋਟੀ ਯੂਨਾਨੀ ਫ਼ੌਜ ਉੱਤੇ ਥਰਮੋਪਾਈਲੇ (ਜ਼ਮੀਨ ਉੱਤੇ) ਅਤੇ ਅਰਤਮਿਸਿਯੁਮ ਵਿਚ (ਸਮੁੰਦਰ ਉੱਤੇ) ਜਿੱਤਾਂ ਹਾਸਲ ਕਰ ਲਈਆਂ। ਪਰ ਫਿਰ ਫ਼ਾਰਸੀਆਂ ਨੂੰ ਸਲਮੀਸ ਦੀ ਜੰਗ ਵਿਚ (ਸਮੁੰਦਰ ਉੱਤੇ) ਹਾਰ ਮਿਲੀ। ਅਗਲੇ ਸਾਲ 479 ਈ.ਪੂ. ਵਿਚ, ਪਲੇਟਿਆ (ਜ਼ਮੀਨ ਉੱਤੇ) ਵਿਚ ਉਨ੍ਹਾਂ ਨੂੰ ਵੱਡੀ ਹਾਰ ਮਿਲੀ ਜਿਸ ਨਾਲ ਯੂਨਾਨ ਉੱਤੇ ਉਨ੍ਹਾਂ ਦਾ ਹਮਲਾ ਬੰਦ ਹੋ ਗਿਆ। ਹੇਰੋਦੋਤਸ ਦੇ ਮੁਤਾਬਕ ਨਿਰਾਸ਼ਾ ਦੇ ਇਨ੍ਹਾਂ ਸਮਿਆਂ ਵਿਚ ਅਕਸ਼ਰਕਸ਼ਸ ਨੇ ਔਰਤਾਂ ਦੇ ਸੁੱਖ ਨਾਲ ਆਪਣੇ ਆਪ ਨੂੰ ਦਿਲਾਸਾ ਦਿੱਤਾ।[1]

ਅਸਤਰ ਦੀ ਕਿਤਾਬ ਦੇ ਮੁਤਾਬਕ, ਜਦ ਬਾਦਸ਼ਾਹ ਦਾ **ਕ੍ਰੋਧ ਠੰਡਾ ਪੈ ਗਿਆ** ਤਾਂ ਉਹ ਨੇ

ਵਸ਼ਤੀ ਨੂੰ ਅਤੇ ਉਸਦੇ ਵਿਰੁੱਧ ਦਿੱਤੇ ਗਏ **ਹੁਕਮ** ਨੂੰ **ਚੇਤੇ ਕੀਤਾ**। ਇਨ੍ਹਾਂ ਬਦਾਂ ਤੋਂ ਕਿਉਂ ਲਗਦਾ ਹੈ ਕਿ ਜਿਵੇਂ ਲੇਖਕ ਦੇ ਕਹਿਣ ਦਾ ਭਾਵ ਇਹ ਹੋਵੇ ਕਿ ਬਾਦਸ਼ਾਹ ਨੂੰ ਅਫ਼ਸੋਸ ਹੋਇਆ ਕਿ ਉਹ ਗੁੱਸੇ ਵਿਚ ਆਪਣੀ ਸਾਬਕਾ ਰਾਣੀ ਨਾਲ ਕੀ ਕਰ ਬੈਠਾ।[2] ਪਰ ਐੱਫ਼. ਬੀ. ਹੁਏ, ਜੂਨੀਅਰ ਨੇ ਦਲੀਲ ਦਿੱਤੀ ਕਿ ''ਇਹ ਪੱਕਾ ਨਹੀਂ ਹੈ ਕਿ ਉਸ ਨੂੰ ਆਪਣੀ ਸਖ਼ਤ ਕਾਰਵਾਹੀ ਉੱਤੇ ਹੁਣ ਅਫ਼ਸੋਸ ਹੋਇਆ ਅਤੇ ਉਸਨੇ ਉਸ ਨੂੰ ਬਹਾਲ ਕਰਨਾ ਚਾਹਿਆ ਪਰ ਇਸ ਕਰਕੇ ਰੁੱਕ ਗਿਆ ਕਿਉਂ ਜੋ ਉਸ ਦਾ ਹੁਕਮ ਬਦਲਿਆ ਨਹੀਂ ਜਾ ਸਕਦਾ ਸੀ (ਤੁਲਨਾ ਦਾਨੀਏਲ 6:14–15) ਜਾਂ ਇਹਦਾ ਮਤਲਬ ਇਹ ਹੈ ਕਿ ਉਹਦੇ ਵਿਚਾਰ ਹੁਣ ਉਹਦੇ ਥਾਂ ਹੋਰ ਰਾਣੀ ਨੂੰ ਲਾਉਣ ਵਿਚ ਬਦਲ ਗਏ।''[3] ਬਾਦਸ਼ਾਹ ਹੁਕਮ ਦੇ ਚੁੱਕਾ ਸੀ ਜਿਸਨੂੰ ਬਦਲਿਆ ਨਹੀਂ ਜਾ ਸਕਦਾ ਸੀ (1:19), ਇਸ ਕਰਕੇ ਉਹ ਉਸ ਨੂੰ ਉਸ ਦੀ ਪਹਿਲਾਂ ਵਾਲੀ ਉਪਾਧੀ ਤੇ ਬਹਾਲ ਨਹੀਂ ਕਰ ਸਕਦਾ ਸੀ। ਇਸ ਕਰਕੇ ਉਹਦੇ ਅੱਗੇ ਇਹ ਸਵਾਲ ਖੜਾ ਹੋ ਗਿਆ ਕਿ ''ਉਹਦੀ ਥਾਂ ਮੈਂ ਕਿਸ ਨੂੰ ਰਾਣੀ ਬਣਾ ਸਕਦਾ ਹਾਂ?''

ਆਇਤਾਂ 2-4. ਜਿਵੇਂ ਇਕ ਰਾਣੀ ਤੋਂ ਆਪਣੇ ਆਪ ਨੂੰ ਦੂਰ ਕਰਨ ਵੇਲੇ ਉਸ ਦੇ ''ਸਰਦਾਰਾਂ'' ਨੇ ਉਸ ਨੂੰ ਸਲਾਹ ਦਿੱਤੀ ਸੀ (1:13–20), ਉਵੇਂ ਹੀ ਹੁਣ ਉਸ ਦੇ **ਟਹਿਲੂਆਂ** ਨੇ ਉਸ ਨੂੰ ਸਲਾਹ ਦਿੱਤੀ ਕਿ ਉਹਦੀ ਥਾਂ ਕਿਸੇ ਨਵੀਂ ਰਾਣੀ ਦੀ ਭਾਲ ਲਈ ਉਹ ਕੀ ਕਰ ਸਕਦਾ ਹੈ।[4] ਉਨ੍ਹਾਂ ਨੇ **ਸੁਣੱਖੀਆਂ ਕੁਆਰੀਆਂ** ਦੀ ਪੂਰੀ ਸਲਤਨਤ ਵਿਚ ਤਲਾਸ਼ ਕਰਨ ਦਾ ਸੁਝਾਅ ਦਿੱਤਾ (2:2) ਜਿਨ੍ਹਾਂ ਨੂੰ **ਸ਼ੂਸ਼ਨ** ਵਿਚ ਬਾਦਸ਼ਾਹ ਦੇ ਮਹਿਲ ਵਿਚ ਲਿਆਇਆ ਜਾਣਾ ਸੀ।[5] **ਜਨਾਨ ਖ਼ਾਨੇ** ਵਿਚ ਸ਼ਾਮਿਲ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਨੂੰ **ਵਟਣੇ** ਨਾਲ ਸੁਆਰਿਆ, ਪੁਚਕਾਰਿਆ, ਸ਼ਿੰਗਾਰਿਆ ਅਤੇ ਬਾਦਸ਼ਾਹ ਦੇ ਸੁੱਖ ਲਈ ਤਿਆਰ ਕੀਤਾ ਜਾਣਾ ਸੀ (2:3)। ਉਹਦੇ ਬਾਅਦ ਬਾਦਸ਼ਾਹ ਨੇ ਇਨ੍ਹਾਂ ਮੁਟਿਆਰਾਂ ਵਿੱਚੋਂ **ਵਸ਼ਤੀ ਦੀ ਥਾਂ** ਆਪਣੀ **ਮਲਕਾ** ਬਣਾਉਣ ਲਈ ਕਿਸੇ ਇਕ ਨੂੰ ਚੁਣਨਾ ਸੀ (2:4)। ਅਹਸ਼ਵੇਰੋਸ਼ ਨੇ ਟਹਿਲੂਆਂ ਦੀ ਸਲਾਹ ਮੰਨ ਲਈ ਅਤੇ ਵਸ਼ਤੀ ਦੀ ਥਾਂ ਕਿਸੇ ਹੋਰ ਨੂੰ ਰਾਣੀ ਬਣਾਉਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਉਹ ਆਪਣੇ ਟਹਿਲੂਆਂ ਦੀ ਸਲਾਹ **ਚੰਗੀ ਲੱਗੀ** ਅਤੇ **ਉਸ ਨੇ ਏਦਾਂ ਹੀ ਕੀਤਾ;** ਉਸ ਨੇ ਹੁਕਮ ਦਿੱਤੇ ਕਿ ਉਨ੍ਹਾਂ ਦਾ ਸੁਝਾਅ ਅਮਲ ਵਿਚ ਲਿਆਂਦਾ ਜਾਵੇ (2:4)।

ਲੇਖਕ ਨੇ ਇਸ ਯੋਜਨਾ ਦੀ (ਨੈਤਿਕਤਾ ਜਾਂ ਅਨੈਤਿਕਤਾ) ਤੇ ਟਿੱਪਣੀ ਨਹੀਂ ਕੀਤੀ। ਕਈਆਂ ਨੇ ਇਸ ਉੱਤੇ ਜ਼ੋਰਦਾਰ ਹਮਲਾ ਕੀਤਾ ਹੈ। ਉਹ ਇਹ ਮੰਨ ਲੈਂਦੇ ਸਨ ਕਿ ਕੁੜੀਆਂ ਨੂੰ ਘਰਾਂ ਵਿੱਚੋਂ ਜ਼ਬਰਦਸਤੀ ਲਿਆਂਦਾ ਗਿਆ ਅਤੇ ਬਾਦਸ਼ਾਹ ਵੱਲੋਂ ਉਨ੍ਹਾਂ ਨਾਲ ਬਲਾਤਕਾਰ ਕੀਤਾ ਗਿਆ। ਫਿਰ ਉਨ੍ਹਾਂ ਨੂੰ ਆਪਣੀ ਬਾਕੀ ਦੀ ਜ਼ਿੰਦਗੀ ਲਈ ਬਾਦਸ਼ਾਹ ਦੇ ਹਰਮ ਵਿਚ ਰਹਿਣ ਲਈ ਮਜਬੂਰ ਕੀਤਾ ਗਿਆ।[6]

ਭਾਵੇਂ ਇਹ ਹੋ ਸਕਦਾ ਹੈ ਕਿ ਜੋ ਕੁਝ ਬਾਦਸ਼ਾਹ ਨੇ ਕੀਤਾ ਉਸ ਨੂੰ ਕੁਝ ਲੋਕ ''ਖ਼ੂਬਸੂਰਤ ਮੁਟਿਆਰਾਂ'' ਦੇ ਬਲਾਤਕਾਰ ਦੇ ਬਰਾਬਰ ਮੰਨਦੇ ਹੋਣ ਅਤੇ ਉਹ ਬਾਦਸ਼ਾਹ ਦੇ ਜਨਾਨਖਾਨੇ ਵਿਚ ਰਹਿਣ ਨੂੰ ਗੁਲਾਮੀ ਦਾ ਇਕ ਰੂਪ ਮੰਨਦੇ ਹੋਣ, ਪਰ ਇਹ ਵੀ ਹੋ ਸਕਦਾ ਹੈ ਕਿ ਸਲਤਨਤ ਦੀਆਂ ਬਹੁਤ ਸਾਰੀਆਂ ਮੁਟਿਆਰਾਂ ਨੇ ਬਾਦਸ਼ਾਹ ਦੇ ਮਹਿਲ ਵਿਚ ਵਿਲਾਸਿਤਾ ਭਰੀ ਜ਼ਿੰਦਗੀ ਜੀਣ ਦੇ ਮੌਕੇ ਦਾ ਸਵਾਗਤ ਕੀਤਾ, ਭਾਵੇਂ ਇਹਦੇ ਲਈ ਉਨ੍ਹਾਂ ਵਾਸਤੇ ਵਿਚ ਵਿਚ ਬਾਦਸ਼ਾਹ ਦੀਆਂ ਜਿਸਮਾਨੀ ਖਾਹਿਸ਼ਾਂ ਪੂਰੀਆਂ ਕਰਨੀਆਂ ਜ਼ਰੂਰੀ ਸਨ। ਘੱਟੋ-ਘੱਟ ਇਹ ਸੰਭਵ ਲਗਦਾ ਹੈ ਕਿ ਰਾਜ ਦੀਆਂ ਬਹੁਤ ਸਾਰੀਆਂ ਮੁਟਿਆਰਾਂ ਨੂੰ ਮੁਕਾਬਲੇ ਵਿਚ ਜਿਲਦ ਲੈਣ ਦੀ ਉਨ੍ਹਾਂ ਨਾਲ ਜ਼ਬਰਦਸਤੀ ਕਰਨ ਦੀ ਲੋੜ ਨਹੀਂ ਸੀ।

ਬੇਸ਼ੱਕ ਯੋਜਨਾ ਦਾ ਕੋਈ ਵੀ ਹਿੱਸਾ ਖ਼ੁਦਾ ਦੀ ਸ਼ਰ੍ਹਾ, ਭਾਵੇਂ ਉਹ ਪੁਰਾਣਾ ਨੇਮ ਹੋਵੇ ਜਾਂ ਨਵਾਂ ਨੇਮ ਨਾਲ ਮੇਲ ਨਹੀਂ ਖਾਂਦਾ।[7] ਪਰ ਯੋਜਨਾ ਵਿਚ ਸ਼ਾਮਿਲ ਬਹੁਤ ਲੋਕ ਕਾਫ਼ਿਰ ਸਨ ਅਤੇ ਕਿਤਾਬ ਵਿਚ ਦੱਸੀਆਂ ਗਈਆਂ ਰੀਤਾਂ ਉਸ ਸਭਿਅਤਾ ਵਿਚ ਆਮ ਹੀ ਹੋਣਗੀਆਂ। ਅਸੀਂ ਬਹਿਸ ਕਰ ਸਕਦੇ ਹਾਂ ਕਿ ਅਜਿਹੀਆਂ ਰੀਤਾਂ ਖ਼ੁਦਾ ਤੋਂ ਦੂਰ ਸਮਾਜ ਦੇ ਹੇਠਲੇ ਪੱਧਰਾਂ ਨੂੰ ਵਿਖਾਉਂਦੀਆਂ ਹਨ (ਵੇਖੋ ਰੋਮੀਆਂ 1:18–32),[8] ਪਰ ਸਾਨੂੰ ਉਨ੍ਹਾਂ ਉੱਤੇ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ।

ਮੁਕਾਬਲੇ ਵਿਚ ਅਸਤਰ ਦਾ ਆਉਣਾ (2:5-14)

ਵਿਰਤਾਂਤ ਵਿਚ ਇੱਥੇ ਆਣ ਕੇ, ਕਥਾਨਕ ਦੇ ਅੱਗੇ ਵਧਣ ਤੇ ਹੋਰਨਾਂ ਮੁੱਖ ਪਾਤਰਾਂ ਦੀ ਪਛਾਣ ਕਰਵਾਈ ਜਾਂਦੀ ਹੈ।

ਅਸਤਰ ਦੀ ਜਾਣ-ਪਛਾਣ (2: 5-7)

**5ਸ਼ੂਸ਼ਨ ਦੇ ਮਹਿਲ ਵਿਚ ਇਕ ਯਹੂਦੀ ਮਾਰਦਕਈ ਨਾਮੀ ਸੀ ਜਿਹੜਾ ਯਾਈਰ ਦਾ ਪੁੱਤਰ ਸ਼ਿਮਈ
ਦਾ ਪੋਤਰਾ ਕੀਸ਼ ਦਾ ਪੜੋਤਾ ਇਕ ਬਿਨਯਾਮੀਨੀ ਮਨੁੱਖ ਸੀ
6ਇਹ ਯਰੂਸ਼ਲਮ ਤੋਂ ਉਨ੍ਹਾਂ ਅਸੀਰਾਂ ਨਾਲ
ਅਸੀਰ ਹੋ ਕੇ ਗਿਆ ਸੀ ਜਿਨ੍ਹਾਂ ਨੂੰ ਬਾਬਲ ਦਾ ਪਾਤਸ਼ਾਹ ਨਬੂਕਦਨੱਸਰ ਅਸੀਰ ਕਰ ਕੇ ਯਹੂਦਾਹ ਦੇ
ਪਾਤਸ਼ਾਹ ਯਕਾਨਯਾਹ ਦੇ ਨਾਲ ਲੈ ਗਿਆ ਸੀ
7ਉਹ ਨੇ ਹੱਦਸਾਹ ਅਰਥਾਤ ਅਸਤਰ ਆਪਣੇ ਚਾਚੇ ਦੀ
ਧੀ ਨੂੰ ਪਾਲਿਆ ਕਿਉਂਕਿ ਨਾ ਉਹ ਦਾ ਪਿਉ ਸੀ ਨਾ ਮਾਂ ਸੀ, ਇਹ ਛੋਕਰੀ ਵੇਖਣ ਪਾਖਣ ਵਿਚ ਸੋਹਣੀ
ਸੀ ਅਤੇ ਜਦ ਉਸ ਦੇ ਮਾਂ ਪਿਉ ਮਰ ਗਏ ਤਾਂ ਮਾਰਦਕਈ ਨੇ ਉਸ ਨੂੰ ਆਪਣੀ ਧੀ ਕਰਕੇ ਲੈ ਲਿਆ।**

ਆਇਤਾਂ 5, 6. ਪਹਿਲਾਂ ਤਾਂ ਲੇਖਕ ਨੇ **ਸ਼ੂਸ਼ਨ ਦੇ ਮਹਿਲ** ਵਿਚ ਰਹਿਣ ਵਾਲੇ **ਮਾਰਦਕਈ** ਨਾਮਕ **ਇਕ ਯਹੂਦੀ** ਦੀ ਪਛਾਣ ਕਰਾਈ। ਉਹ **ਕੀਸ਼** ਦਾ ਪੜਪੋਤਾ ਸੀ।[9] ''ਕੀਸ਼'' **ਇਕ ਬਿਨਯਾਮੀਨੀ ਮਨੁੱਖ** ਸੀ ਜਿਸ ਨੂੰ **ਨਬੂਕਦਨੱਸਰ** ਵੱਲੋਂ ਉਦੋਂ ਹੀ ਬਾਬਲ ਵਿਚ ਅਸੀਰੀ ਵਿਚ ਲਿਆਂਦਾ ਗਿਆ ਸੀ ਜਦੋਂ ਨਬੂਕਦਨੱਸਰ **ਯਹੂਦਾਹ ਦੇ ਪਾਤਸ਼ਾਹ ਯਕਾਨਯਾਹ** ਨੂੰ **ਅਸੀਰ** ਕੀਤਾ ਗਿਆ ਸੀ। ''ਯਕੋਨਯਾਹ'' ਯਹੋਯਾਕੀਨ ਦਾ ਇਕ ਹੋਰ ਨਾਂਅ ਹੈ, ਜਿਸ ਨੂੰ 597 ਈ.ਪੂ. ਵਿਚ ਨਬੂਕਦਨੱਸਰ ਵੱਲੋਂ ਬਾਬਲ ਵਿਚ ਅਸੀਰ ਕਰਕੇ ਲਿਆਂਦਾ ਗਿਆ ਸੀ (2 ਰਾਜਿਆਂ 24:8–17)।

ਕਈਆਂ ਦਾ ਵਿਸ਼ਵਾਸ ਹੈ ਕਿ ਆਇਤ 6 ਇਹ ਕਹਿ ਰਹੀ ਹੈ ਕਿ ਯਹੋਯਾਕੀਨ ਦੇ ਫੜੇ ਜਾਣ ਵੇਲੇ ਮਾਰਦਕਈ ਆਪ ਅਸੀਰੀ ਵਿਚ ਆ ਗਿਆ ਸੀ। ਜਿਸ ਕਰਕੇ ਅਸਤਰ ਵਿਚਲੀਆਂ ਘਟਨਾਵਾਂ ਦੇ ਵਕਤ ਉਹ ਇਕ ਸੌ ਤੋਂ ਵੱਧ ਸਾਲਾਂ ਦਾ ਹੋ ਗਿਆ ਸੀ (ਅਤੇ ਅਸਤਰ ਘੱਟੋ–ਘੱਟ ਸਠ ਜਾਂ ਸੱਤਰ ਸਾਲਾਂ ਦੀ ਹੋ ਗਈ ਹੋਵੇਗੀ)। ਸੀ. ਐੱਫ਼. ਕੇਲ ਨੇ ਇਸ ਪੇਸ਼ਕਸ਼ ਨੂੰ ਠੁਕਰਾਉਂਦਿਆਂ ਆਖਿਆ ਕਿ **ਅਸੀਰ ਹੋ ਕੇ ਗਿਆ ਸੀ** ਸ਼ਬਦ ਸਿਰਫ਼ ਇਸ ਅਰਥ ਵਿਚ ਹਨ ਕਿ ''ਉਹ ਉਨ੍ਹਾਂ ਯਹੂਦੀਆਂ ਵਿੱਚੋਂ ਸੀ ਜਿਨ੍ਹਾਂ ਨੂੰ ਯਕੋਨਯਾਹ ਦੇ ਨਾਲ ਨਬੂਕਦਨੱਸਰ ਬਾਬਲ ਵਿਚ ਲੈ ਗਿਆ, ਤਾਂ ਜੋ ਉਹ, ਭਾਵੇਂ ਅਸੀਰੀ ਵਿਚ ਪੈਦਾ ਹੋਇਆ ਸੀ, ਪਰ ਆਪਣੇ ਵਢੇਰਿਆਂ ਦੀ ਦੇਹ ਵਿਚ ਬਾਬਲ ਵਿਚ ਲਿਜਾਇਆ ਗਿਆ।''[10] ਪਰ ਇਹ ਬਹੁਤਾ ਸੰਭਵ ਹੈ ਕਿ ''ਅਸੀਰੀ ਵਿਚ ਲਿਜਾਏ'' ਜਾਣਾ ਦੀ ਗੱਲ ਸਿਰਫ਼ ਕੀਸ਼ ਲਈ ਕਿਹਾ ਗਿਆ।

ਇਹ ਤੱਥ ਕਿ ਮਾਰਦਕਈ ਦੇ ਵਢੇਰਿਆਂ ਨੂੰ ਯਹੋਯਾਕੀਨ ਦੇ ਨਾਲ ਅਸੀਰੀ ਵਿਚ ਲਿਆਂਦਾ ਗਿਆ ਸੀ ਇਹ ਜ਼ੋਰ ਦਿੰਦਾ ਹੋ ਸਕਦਾ ਹੈ ਕਿ ਉਹ ਕਿਸੇ ਵੱਡੇ ਪਰਿਵਾਰ ਵਿੱਚੋਂ ਸੀ (ਵੇਖੋ 2 ਰਾਜਿਆਂ 24: 12, 14–16)।[11] ਮਾਰਦਕਈ ਆਪ ਵੀ ਅਸੀਰੀ ਵਿਚ ਪੈਦਾ ਹੋਇਆ ਹੋਵੇਗਾ, ਅਤੇ ਉਹਦਾ ਨਾਂਅ ਬਾਬਲ ਦੇ ਦੇਵਤਿਆਂ ਵਿੱਚੋਂ ਪ੍ਰਮੁੱਖ ਮਰਦੂਕ ਤੋਂ ਲਿਆ ਗਿਆ ਲਗਦਾ ਹੈ (ਵੇਖੋ ਯਿਰਮਿਯਾਹ 50:2)।[12] ਉਹਦਾ ਯਹੂਦੀ ਨਾਂਅ ਵੀ ਹੋ ਸਕਦਾ ਹੈ ਜਿਵੇਂ ਅਸਤਰ ਦਾ ਸੀ ਅਤੇ ਬਾਬਲ ਵਿਚ ਦਾਨੀਏਅਲ ਅਤੇ ਉਸ ਦੇ ਯਹੂਦੀ ਦੋਸਤਾਂ ਦਾ ਸੀ (ਦਾਨੀਏਲ 1:6, 7); ਪਰ ਲੇਖਕ ਨੇ ਇਸਦਾ ਜ਼ਿਕਰ ਨਹੀਂ ਕੀਤਾ।

ਆਇਤ 7. ਇਸ ਤੋਂ ਬਾਅਦ ਲੇਖਕ ਨੇ ਯਹੂਦੀ ਕੁੜੀ **ਅਸਤਰ** ਦੀ ਪਛਾਣ ਕਰਾਈ। ''ਅਸਤਰ'' ਦੇ ਨਾਂਅ ਦਾ ਅਰਥ ''ਤਾਰਾ'' ਹੈ ਅਤੇ ਸੰਭਵ ਤੌਰ ਤੇ ਇਹ ਫ਼ਾਰਸੀ ਸ਼ਬਦ ਤੋਂ ਲਿਆ ਗਿਆ ਹੈ। ਪਾਠਕ ਨੂੰ ਅਸਤਰ ਦੀਆਂ ਕਈ ਗੱਲਾਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ। (1) ਉਹ ਨੂੰ

ਇਬਰਾਨੀ ਸ਼ਬਦ **ਹੱਦਸਾਹ** ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ, ਜਿਸ ਦਾ ਅਰਥ ''ਹਿਨਾ'' ਹੈ।[13] (2) ਉਹ ਇਕ ਯਤੀਮ ਸੀ; **ਨਾ ਉਹ ਦਾ ਪਿਉ ਸੀ ਨਾ ਮਾਂ** ਕਿਉਂ ਜੋ ਉਹ ਮਰ ਚੁੱਕੇ ਸਨ।[14] ਇਸ ਕਰਕੇ ਉਸ ਦੇ ਤਾਏ ਦੇ ਪੁੱਤ ਭਰਾ **ਮਾਰਦਕਈ** ਨੇ **ਉਸ ਨੂੰ ਆਪਣੀ ਧੀ ਕਰਕੇ** ਪਾਲਿਆ। (3) ਉਹ **ਵੇਖਣ ਪਾਖਣ ਵਿਚ ਸੋਹਣੀ ਸੀ**। ''ਵੇਖਣ ... ਵਿਚ ਸੋਹਣੀ'' ਮੂਲ ਵਿਚ ਸੋਹਣੀ ਦਿੱਖ ਵਾਲੀ ਹੈ। ESV ਵਿਚ ਕਿਹਾ ਗਿਆ ਹੈ ਕਿ ਉਹ ''ਸੋਹਣੀ ਸ਼ਕਲ ਸੂਰਤ ਵਾਲੀ ਵੇਖਣ ਵਿਚ ਅਤੇ ਪਿਆਰੀ ਸੀ।''

ਮੁਕਾਬਲੇ ਲਈ ਅਸਤਰ ਦੀ ਤਿਆਰੀ (2:8-11)

8ਤਾਂ ਐਉਂ ਹੋਇਆ ਕਿ ਜਦ ਪਾਤਸ਼ਾਹ ਦਾ ਬਚਨ ਅਰ ਹੁਕਮ ਸੁਣਨ ਵਿਚ ਆਇਆ ਅਰ ਜਦ ਬਹੁਤ ਸਾਰੀਆਂ ਛੋਕਰੀਆਂ ਸ਼ੂਸ਼ਨ ਦੇ ਮਹਿਲ ਵਿਚ ਇਕੱਠੀਆਂ ਕੀਤੀਆਂ ਗਈਆਂ ਅਤੇ ਹੇਗਈ ਦੇ ਹਵਾਲੇ ਕੀਤੀਆਂ ਗਈਆਂ ਤਾਂ ਅਸਤਰ ਵੀ ਸ਼ਾਹੀ ਮਹਿਲ ਵਿਚ ਲਿਆਂਦੀ ਗਈ ਅਤੇ ਇਸਤ੍ਰਆਂ ਦੇ ਰਾਖੇ ਹੇਗਾਈ ਦੇ ਹਵਾਲੇ ਕੀਤੀ ਗਈ 9ਅਰ ਉਹ ਛੋਕਰੀ ਉਹ ਦੀ ਨਿਗਾਹ ਵਿਚ ਭਾ ਗਈ ਅਤੇ ਉਸ ਦੇ ਅੱਗੇ ਉਹ ਦਯਾ ਦੀ ਜਿਲਦੀ ਹੋਈ ਅਤੇ ਛੇਤੀ ਨਾਲ ਉਹ ਨੇ ਉਸ ਨੂੰ ਸਾਰੀਆਂ ਚੀਜ਼ਾਂ ਵਟਣੇ ਲਈ ਦਿੱਤੀਆਂ ਅਤੇ ਰੋਜ਼ ਦਾ ਭੋਜਨ ਵੀ ਅਤੇ ਸੱਤ ਚੁਗਵੀਆਂ ਸਹੇਲੀਆਂ ਪਾਤਸ਼ਾਹ ਦੇ ਮਹਿਲ ਵਿੱਚੋਂ ਉਸ ਨੂੰ ਦਿੱਤੀਆਂ ਅਤੇ ਉਸ ਨੂੰ ਅਤੇ ਉਸ ਦੀਆਂ ਸਹੇਲੀਆਂ ਨੂੰ ਜਨਾਨ ਖਾਨੇ ਵਿਚ ਸਭ ਤੋਂ ਚੰਗਾ ਥਾਂ ਦਿੱਤਾ 10ਅਸਤਰ ਨੇ ਨਾ ਆਪਣੀ ਉੱਮਤ ਨਾ ਆਪਣੇ ਟਬਰ ਦਾ ਕੋਈ ਪਤਾ ਦੱਸਿਆ ਕਿਉਂ ਜੋ ਮਾਰਦਕਈ ਨੇ ਉਸ ਨੂੰ ਤਗੀਦ ਕੀਤੀ ਹੋਈ ਸੀ ਕਿ ਉਹ ਪਤਾ ਨਾ ਦੇਵੇ 11ਅਤੇ ਮਾਰਦਕਈ ਨਿਤ ਨਿਤ ਜਨਾਨ ਖ਼ਾਨੇ ਦੇ ਵੇਹੜੇ ਦੇ ਅੱਗੇ ਫਿਰਦਾ ਰਹਿੰਦਾ ਸੀ ਤਾਂ ਜੋ ਅਸਤਰ ਦੀ ਸੁੱਖ ਸਾਦ ਨੂੰ ਜਾਣੇ ਭਈ ਉਸ ਦੇ ਨਾਲ ਕੀ ਬੀਤਦੀ ਹੈ।

ਕਹਾਣੀ ਤੋਂ ਪਤਾ ਲਗਦਾ ਹੈ ਕਿ ਇਹ ''ਸੋਹਣੀ ਅਤੇ ਖ਼ੂਬਸੂਰਤ'' (NRSV) ਮੁਟਿਆਰ ਮਲਕਾ ਬਣਨ ਲਈ ਉਮੀਦਵਾਰ ਬਣ ਗਈ।

ਆਇਤ 8. ਅਸਤਰ ਬਹੁਤ ਸਾਰੀਆਂ ਛੋਕਰੀਆਂ ਵਿੱਚੋਂ ਇਕ ਸੀ ਜਿਨ੍ਹਾਂ ਨੂੰ ਮਲਕਾ ਵਸ਼ਤੀ ਦੀ ਥਾਂ ਰਾਣੀ ਬਣਾਉਣ ਲਈ ਮੁਕਾਬਲੇ ਵਿਚ ਹਿੱਸਾ ਲੈਣ ਵਾਸਤੇ **ਸ਼ੂਸ਼ਨ** ਵਿਚ **ਸ਼ਾਹੀ ਮਹਿਲ** (ਮੂਲ ਵਿਚ ਬਾਦਸ਼ਾਹ ਦੇ ''ਘਰ'' ਵਿਚ) ਲਿਆਂਦਾ ਗਿਆ ਸੀ। ਕੁਝ ਟੀਕਾਕਾਰ ਇਹ ਜ਼ੋਰ ਦਿੰਦੇ ਹਨ ਕਿ ਅਸਤਰ ਅਤੇ ਹੋਰ ਔਰਤਾਂ ਨੂੰ ਵੀ ਇਸ ਪ੍ਰਕਿਰਿਆ ਵਿਚ ਹਿੱਸਾ ਲੈਣ ਲਈ ਮਜਬੂਰ ਕੀਤਾ ਗਿਆ। ਭਾਵੇਂ ਇਹ ਸੱਚ ਹੋ ਸਕਦਾ ਹੈ, ਪਰ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਲੇਖਕ ਦਾ ਮਕਸਦ ਸਾਨੂੰ ਨੈਤਿਕਤਾ ਦੇ ਸਬਕ ਦੇਣਾ ਨਹੀਂ ਸੀ ਅਤੇ ਨਾ ਹੀ ਮੁਟਿਆਰਾਂ ਨੂੰ ਹਰ ਗੱਲ ਵਿਚ ਅਸਤਰ ਦੀ ਉਦਾਹਰਣ ਦੀ ਨਕਲ ਕਰਲ ਲਈ ਦਿਲੇਰ ਕਰਨਾ। ਉਹ ਇਸ ਤਰੀਕੇ ਦੇ ਨਾਲ ਕਿ ਕਿਵੇਂ ਖ਼ੁਦਾ ਮਨੁੱਖੀ ਜੀਵਾਂ ਦੇ ਰਾਹੀਂ, ਭਾਵੇਂ ਉਹ ਪਾਪ ਭਰੇ ਹੋਣ, ਗਲਤੀਆਂ ਕਰਨ ਵਾਲੇ ਹੋਣ ਜਾਂ ਨਾਸ਼ਵਾਨ ਮਨੁੱਖੀ ਜੀਵ ਹੋਣ, ਕੰਮ ਕਰਕੇ ਆਪਣੇ ਮਕਸਦਾਂ ਨੂੰ ਕਿਵੇਂ ਹਾਸਲ ਕਰ ਸਕਦਾ ਹੈ, ਘਟਨਾਵਾਂ ਨੂੰ ਜੋੜ ਕੇ ਸਮਝਾ ਰਿਹਾ ਸੀ। ਲੇਖਕ ਨੇ ਆਪਣੀ ਮੰਜ਼ੂਰੀ ਜਾਂ ਨਾ – ਮੰਜ਼ੂਰੀ ਦਾ ਸੰਕੇਤ ਦਿੱਤੇ ਬਗ਼ੈਰ ਜੋ ਜੋ ਹੋਇਆ ਹੋ, ਉਹੀ ਦੱਸਿਆ, ਇਸ ਕਰਕੇ ਮਸੀਹੀ ਵਿਆਖਿਆਕਰਤਾਵਾਂ ਨੂੰ ਅਸਤਰ ਦੇ ਇਤਰਾਜ਼ਯੋਗ ਲੱਗਣ ਵਾਲੇ ਵਿਹਾਰ ਦਾ ਜਵਾਬ ਦੇਣ ਲਈ ਨਹੀਂ ਜ਼ਿੰਮੇਵਾਰ ਮੰਨਣਾ ਚਾਹੀਦਾ।

ਆਇਤ 9. ਉਸੇ ਵੇਲੇ, ਅਸਤਰ ਨੂੰ ''ਬਾਦਸ਼ਾਹ ਦੇ ਖੁਸਰੇ'' ਹੇਗਈ ਦੀ ਹਮਾਇਤ ਮਿਲ ਗਈ (2:3)। ਇਹ ਬੰਦਾ ''ਇਸਤਰੀਆਂ ਦਾ ਰਾਖਾ'' ਸੀ (2:8); ਦੂਜੇ ਸ਼ਬਦਾਂ ਵਿਚ ਉਹ ਬਾਦਸ਼ਾਹ ਦੇ ਹਰਮ ਜਾਂ ਜਨਾਨ ਖਾਨੇ ਦਾ ਇੰਚਾਰਜ ਸੀ। ਅਸਤਰ ਨੂੰ **ਵਟਣੇ ਲਈ** ਅਤੇ **ਰੋਜ਼ ਦਾ ਭੋਜਨ** ਦੇਣ ਵਿਚ ਹੇਗਈ ਨੇ ਰਈ ਕੀਤੀ। ਇਹਦਾ ਅਸਰ ਇਹ ਹੋਇਆ ਲਗਦਾ ਹੈ ਕਿ ਉਸ ਨੇ ਅਸਤਰ ਨੂੰ

ਬਾਕੀ ਦੀਆਂ ਕੁੜੀਆਂ ਨਾਲੋਂ ਬਹੁਤਾ ਸ਼ਿੰਗਾਰ ਦਾ ਸਮਾਨ ਅਤੇ ਖਾਣਾ ਦਿੱਤਾ। ਨਾਲ ਉਹਨੇ ਉਹਦੀ ਦੇਖਭਾਲ ਲਈ **ਸੱਤ ਚੁਗਵੀਆਂ ਸਹੇਲੀਆਂ** ਨਿਯੁਕਤ ਕੀਤੀਆਂ ਅਤੇ **ਉਸ ਨੂੰ** ਉਨ੍ਹਾਂ ਦੇ ਨਾਲ **ਜਨਾਨ ਖਾਨੇ ਵਿਚ ਸਭ ਤੋਂ ਚੰਗਾ ਥਾਂ ਦਿੱਤਾ**। ਇਕ ਤੋਂ ਬਾਅਦ ਇਕ ਇਨ੍ਹਾਂ ਘਟਨਾਵਾਂ ਦੇ ਰਾਹੀਂ ਯਹੂਦੀ ਯਤੀਮ ਨੂੰ ਹੇਗਈ ਦੀ ਦੇਖਭਾਲ ਵਿਚ ਔਰਤਾਂ ਵਿਚ ਰਹਿਣ ਵਾਸਤੇ ਸਭ ਤੋਂ ਵਧੀਆ ਥਾਂ ਦਿੱਤੀ ਗਈ। ਇਸ ਗੈਰਕੌਮ ਸੇਵਕ ਵੱਲੋਂ ਉਸ ਨੂੰ ਦਿੱਤੀ ਗਈ ਮਦਦ ਅਸਤਰ ਦੇ ਤਾਜ ਨੂੰ ਜਿੱਤਣ ਵਿਚ ਬੇਸ਼ਕੀਮਤੀ ਸਾਬਿਤ ਹੋਈ।

ਆਇਤ 10. ਭਾਵੇਂ **ਮਾਰਦਕਈ** ਨੇ **ਅਸਤਰ** ਨੂੰ ਬਾਦਸ਼ਾਹ ਦੇ ਹਰਮ ਵਿਚ ਜਾਣ ਦੀ ਇਜਾਜ਼ਤ ਦੇ ਦਿੱਤੀ (ਉਹਦੇ ਕੋਲ ਕੋਈ ਹੋਰ ਬਦਲ ਹੈ ਸੀ ਜਾਂ ਨਹੀਂ), ਪਰ ਉਹ ਉਸ ਨੂੰ ਪ੍ਰਭਾਵਿਤ ਕਰਨ ਅਤੇ ਉਸ ਦੀ ਦੇਖਭਾਲ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਦਾ ਰਿਹਾ। ਉਹਦੇ ਵੱਲੋਂ ਉਹ ਨੂੰ ਦਿੱਤੀਆਂ ਗਈਆਂ ਹਦਾਇਤਾਂ ਵਿੱਚੋਂ ਇਕ ਇਹ ਸੀ ਕਿ ਉਹ ਇਹ ਜ਼ਾਹਿਰ ਨਾ ਕਰੇ ਕਿ ਉਹ ਯਹੂਦਣ ਹੈ। ਮਾਰਦਕਈ ਨੂੰ ਕਿਉਂ ਲੱਗਾ ਕਿ ਅਸਤਰ ਲਈ ਇਹ ਜ਼ਾਹਿਰ ਕਰਨਾ ਕਿ ਉਹ ਯਹੂਦੀ ਹੈ ਮਾੜਾ ਵਿਚਾਰ ਹੈ, ਦੱਸਿਆ ਨਹੀਂ ਗਿਆ। ਘੱਟੋ-ਘੱਟ ਇਹ ਕਹਿ ਸਕਦੇ ਹਾਂ ਕਿ ਇਸ ਤੱਥ ਤੋਂ ਇਸ ਵਿਚਾਰ ਦਾ ਪਤਾ ਲਗਦਾ ਹੈ ਕਿ ਕਿਸੇ ਹੱਦ ਤਕ ਯਹੂਦੀਆਂ ਨੂੰ ਮਾੜੀ ਨਜ਼ਰ ਨਾਲ ਵੇਖਿਆ ਜਾਂਦਾ ਸੀ ਅਤੇ ਜੇ ਕੋਈ ਯਹੂਦੀ ਹੋਵੇ ਤਾਂ ਉਹ ਨੂੰ ਕਿਸੇ ਨਾ ਕਿਸੇ ਤਰ੍ਹਾਂ ਇਸ ਗੱਲ ਦਾ ਨੁਕਸਾਨ ਹੁੰਦਾ ਸੀ। ਇਸ ਤਰ੍ਹਾਂ ਨਾਲ ਵਿਰਤਾਂਤ ਦੇ ਸ਼ੁਰੂ ਵਿਚ ਸਾਮੀ ਵਿਰੋਧੀ ਵਿਸ਼ੇ ਦਾ ਸੰਕੇਤ ਦੇ ਦਿੱਤਾ ਗਿਆ ਹੈ।

ਅਸਤਰ ਨੇ ਫ਼ਰਮਾਬਰਦਾਰੀ ਨਾਲ ਮਾਰਦਕਈ ਦੀ ਸਲਾਹ ਮੰਨੀ। ਅਜਿਹਾ ਕਰਕੇ ਉਹਨੇ ਸਾਫ਼ ਤੌਰ ਤੇ ਦਾਨੀਏਲ ਅਤੇ ਉਸ ਦੇ ਤਿੰਨ ਦੋਸਤਾਂ ਨਾਲੋਂ ਅੱਡ ਕੀਤਾ ਜਿਨ੍ਹਾ ਨੇ ਓਪਰੇ ਦੇਸ਼ ਵਿਚ ਵੀ ਯਹੂਦੀ ਰੀਤਾਂ ਦੇ ਨਿਯਮਾਂ ਨੂੰ ਮੰਨ ਕੇ ਆਪਣੀ ਵਫ਼ਾਦਾਰੀ ਬਣਾਈ ਰੱਖੀ ਸੀ। ਉਨ੍ਹਾਂ ਨੇ ਬੜੀ ਇਜ਼ਤ ਨਾਲ ''ਬਾਦਸ਼ਾਹ ਦੇ ਸਵਾਦਲੇ ਭੋਜਨ'' ਠੁਕਰਾ ਦਿੱਤੇ ਅਤੇ ਕੋਸ਼ਰ ਦੀ ਖ਼ੁਰਾਕ ਨੂੰ ਬਣਾਈ ਰੱਖਣ ਲਈ ਫਲ ਸਬਜੀਆਂ ਹੀ ਖਾਧੀਆਂ (ਦਾਨੀਏਲ 1:8-16)। ਲੇਖਕ ਨੇ ਅਸਤਰ ਵੱਲੋਂ ਸ਼ੂਸ਼ਨ ਦੇ ਮਹਿਲ ਵਿਚ ਅਜਿਹੀਆਂ ਰੀਤਾਂ ਨੂੰ ਮੰਨਣ ਵਿਚ ਨਾਕਾਮ ਰਹਿਣ ਉੱਤੇ ਟਿੱਪਣੀ ਨਹੀਂ ਕੀਤੀ।

ਆਇਤ 11. ਜਨਾਨ ਖਾਨੇ ਦੇ ਵੇਹੜੇ ਦੇ ਕੋਲ ਕੋਲ ਰਹਿ ਕੇ **ਮਾਰਦਕਈ ਅਸਤਰ** ਉੱਤੇ ਨਜ਼ਰ ਰੱਖ ਰਿਹਾ ਸੀ। ਇਹ ਤੱਥ ਕਿ ਮਾਰਦਕਈ ਆਪਣਾ ਸਮਾਂ ਇਸ ਤਰ੍ਹਾਂ ਨਾਲ ਗੁਜ਼ਾਰ ਸਕਦਾ ਸੀ, ਸੁਝਾਅ ਦਿੰਦਾ ਹੈ ਕਿ ਉਹ ਸ਼ੂਸ਼ਨ ਵਿਚ ਯਹੂਦੀ ਸਮਾਜ ਦਾ ਕੋਈ ਉੱਘਾ ਬੰਦਾ ਹੋਵੇਗਾ। ਕਈਆਂ ਦਾ ਵਿਚਾਰ ਹੈ ਕਿ ''ਸ਼ਾਹੀ ਫਾਟਕ ਤੇ'' ਉਸ ਦਾ ਥਾਂ (2:19, 21; 3:2, 3; 5:9, 13; 6:10, 12) ਇਹ ਸੰਕੇਤ ਦਿੰਦਾ ਹੈ ਕਿ ਉਹ ਕੋਈ ਸਰਕਾਰੀ ਅਧਿਕਾਰੀ ਸੀ।

ਮੁਕਾਬਲੇ ਲਈ ਨਿਯਮ (2:12-14)

[12]ਹੁਣ ਜਦ ਇਕ ਇਕ ਛੋਕਰੀ ਦੀ ਵਾਰੀ ਅਹਸ਼ਵੇਰੋਸ਼ ਪਾਤਸ਼ਾਹ ਦੇ ਕੋਲ ਜਾਣ ਦੀ ਆਈ ਜਦੋਂ ਤੀਵੀਆਂ ਦੀ ਰੀਤੀ ਅਨੁਸਾਰ ਬਾਰਾਂ ਮਹੀਨਿਆਂ ਤੀਕ ਉਹ ਹੁੰਦਾ ਹੁੰਦਾ ਸੀ ਕਿਉਂ ਜੋ ਏਨਾ ਚਿਰ ਉਨ੍ਹਾਂ ਦੀ ਸਫਾਈ ਲਈ ਲਗ ਜਾਂਦਾ ਸੀ ਅਰਥਾਤ ਛੇ ਮਹੀਨੇ ਮੁਰ ਦਾ ਤੇਲ ਮਲਣ ਲਈ ਅਤੇ ਛੇ ਮਹੀਨੇ ਅਤਰ ਅਤੇ ਤੀਵੀਆਂ ਦੇ ਵਟਣੇ ਦੀਆਂ ਹੋਰ ਚੀਜ਼ਾਂ ਮਲਣ ਲਈ [13]ਐਉਂ ਹਰ ਛੋਕਰੀ ਪਾਤਸ਼ਾਹ ਦੇ ਕੋਲ ਜਾਂਦੀ ਸੀ ਅਤੇ ਜਿਸ ਚੀਜ਼ ਦੀ ਉਹ ਨੂੰ ਲੋੜ ਹੁੰਦੀ ਸੀ ਉਹ ਨੂੰ ਦਿੱਤੀ ਜਾਂਦੀ ਸੀ ਤਾਂ ਜੋ ਉਹ ਜਨਾਨ ਖ਼ਾਨੇ ਤੋਂ ਪਾਤਸ਼ਾਹ ਦੇ ਮਹਿਲ ਨੂੰ ਜਾਵੇ [14]ਸ਼ਾਮਾਂ ਨੂੰ ਉਹ ਜਾਂਦੀ ਸੀ ਅਤੇ ਸਵੇਰ ਨੂੰ ਮੁੜ ਕੇ ਦੂਜੇ ਜਨਾਨ ਖ਼ਾਨੇ ਵਿਚ ਆ ਜਾਂਦੀ ਸੀ ਅਤੇ ਪਾਤਸ਼ਾਹ ਦੇ ਖੁਸਰੇ ਸ਼ਅਸ਼ਗਜ ਦੇ ਹਵਾਲੇ ਕੀਤੀ ਜਾਂਦੀ ਸੀ ਜਿਹੜਾ ਸੁਰੀਤਾਂ ਦਾ ਰਾਖਾ ਸੀ ਅਤੇ ਫੇਰ ਕਦੀ ਉਹ ਪਾਤਸ਼ਾਹ ਦੇ ਕੋਲ ਨਹੀਂ ਜਾਂਦੀ ਸੀ ਪਰ ਜਦ

ਪਾਤਸ਼ਾਹ ਉਹ ਨੂੰ ਚਾਹੁੰਦਾ ਸੀ ਤਾਂ ਉਹ ਨਾਉਂ ਲੈ ਕੇ ਸੱਦੀ ਜਾਂਦੀ ਸੀ।

ਅਸਤਰ ਦੇ ਮਹਿਲ ਵਿਚ ਲਿਜਾਏ ਜਾਣ ਦੇ ਨਤੀਜਿਆਂ ਦੀ ਗੱਲ ਕਰਨ ਤੋਂ ਪਹਿਲਾਂ ਲੇਖਕ ਨੇ ਸਮਝਾਇਆ ਕਿ ਮੁਕਾਬਲਾ ਕਿਵੇਂ ਹੋਇਆ।

ਆਇਤਾਂ 12, 13. ਨਿਯਮਾਂ ਦੇ ਮੁਤਾਬਕ, ਹਰ ਕੁੜੀ ਨੂੰ **ਪਾਤਸ਼ਾਹ** ਦੇ ਨਾਲ ਆਪਣੀ ਰਾਤ ਲਈ ਤਿਆਰ ਹੋਣ ਵਾਸਤੇ ਪ੍ਰਕਿਰਿਆ ਵਿਚ **ਬਾਰਾਂ ਮਹੀਨੇ** ਲਾਉਣੇ ਜ਼ਰੂਰੀ ਸਨ। ਉਸ ਨੂੰ **ਛੇ ਮਹੀਨੇ** ਤਕ **ਮੁਰ ਦਾ ਤੇਲ** ਮਲਿਆ ਜਾਂਦਾ ਸੀ ਅਤੇ ਫਿਰ ਸਾਲ ਦੇ ਬਾਕੀ ਸਮੇਂ ਹੋਰ **ਅਤਰ ਅਤੇ ਵਟਣੇ ਦੀਆਂ ਹੋਰ ਚੀਜ਼ਾਂ**। ਇਸ ਤੋਂ ਬਾਅਦ, ਸਮਾਂ ਆਉਣ ਤੇ ਬਾਦਸ਼ਾਹ ਦੇ ਕੋਲ ਜਾਣ ਵੇਲੇ **ਜਨਾਨ ਖਾਨੇ ਤੋਂ** ਜੋ ਉਹਦੀ ਮਰਜ਼ੀ ਹੋਵੇ **ਉਹ ਨੂੰ ਦਿੱਤੀ** ਜਾ ਸਕਦੀ ਸੀ।

ਆਇਤ 14. ਮੁਟਿਆਰ **ਸ਼ਾਮਾਂ ਨੂੰ** ਬਾਦਸ਼ਾਹ ਦੇ ਕਮਰੇ ਵਿਚ ਜਾਂਦੀ ਅਤੇ ਅਗਲੀ **ਸਵੇਰ** ਉਸ ਨੂੰ **ਦੂਜੇ ਜਨਾਨਖਾਨੇ** ਵਿਚ ਘੱਲ ਦਿੱਤਾ ਜਾਂਦਾ। ਇਹ ਉਨ੍ਹਾਂ ਔਰਤਾਂ ਦਾ ਸਮੂਹ ਹੁੰਦਾ ਸੀ ਜਿਨ੍ਹਾਂ ਦੇ ਬਾਦਸ਼ਾਹ ਨਾਲ ਪਹਿਲਾਂ ਹੀ ਸਰੀਰਕ ਸਬੰਧ ਬਣ ਚੁੱਕੇ ਹੁੰਦੇ ਸਨ। ਉਨ੍ਹਾਂ ਨੂੰ ਬਾਦਸ਼ਾਹ ਦੀਆਂ **ਸੁਰੀਤਾਂ** ਮੰਨਿਆ ਜਾਦਾ ਸੀ। ਜਵਾਨ ਕੁਆਰੀਆਂ ਦਾ ਪਹਿਲਾ ਜਨਾਨ ਖਾਨਾ ਭਾਵੇਂ ਹੇਗਈ ਦੇ ਦੇਖਰੇਖ ਵਿਚ ਸੀ (2:8), ਪਰ ਦੂਜੇ ਜਨਾਨ ਖਾਨੇ ਦੀ ਦੇਖ ਰੇਖ ਇਕ ਹੋਰ **ਖੁਸਰੇ ਸ਼ਅਸ਼ਗਜ** ਵੱਲੋਂ ਕੀਤੀ ਜਾਂਦੀ ਸੀ।

ਮੁਟਿਆਰ ਦੇ ਰਖੈਲ ਜਾਂ ਸੁਰੀਤ ਬਣ ਜਾਣ ਤੋਂ ਬਾਅਦ ਉਹ ਬਿਨਾਂ ਬੁਲਾਏ **ਪਾਤਸ਼ਾਹ** ਦੇ ਕੋਲ ਵਾਪਸ ਨਹੀਂ ਜਾ ਸਕਦੀ ਸੀ। ਜੇ **ਪਾਤਸ਼ਾਹ ਉਹ ਨੂੰ ਚਾਹੁੰਦਾ** ਅਤੇ **ਉਹ ਨਾਉਂ ਲੈ ਕੇ ਸੱਦੀ ਜਾਂਦੀ**, ਤਾਂ ਹੀ ਉਹ ਆ ਸਕਦੀ ਸੀ। ਉਨ੍ਹਾਂ ਨੂੰ ਮਹਿਲ ਦੀਆਂ ਸਾਰੀਆਂ ਸਹੂਲਤਾ ਭਾਵੇਂ ਮਿਲਦੀਆਂ ਸਨ, ਪਰ ''ਠੁਕਰਾਈਆਂ ਹੋਈਆਂ ਆਪਣੀ ਬਾਕੀ ਦੀ ਜ਼ਿੰਦਗੀ ਵਿਧਵਾਵਾਂ ਵਾਂਗ ਕੱਟਦੀਆਂ ਸਨ (ਤੁਲਨਾ 2 ਸਮੂਏਲ 20:3)।''[15]

ਭਾਵੇਂ ਸਾਨੂੰ ਕਈ ਵਾਰ ਲਗ ਸਕਦਾ ਹੈ ਕਿ ਇਹ ਮੁਕਾਬਲਾ ਖ਼ੂਬਸੂਰਤੀ ਦਾ ਮੁਕਾਬਲਾ ਸੀ, ਪਰ ਜ਼ਾਹਿਰ ਤੌਰ ਤੇ ਇਹ ਉਸ ਨਾਲੋਂ ਵਧ ਕੇ ਸੀ। ਕੁੜੀਆਂ ਦਾ ਮੁਲਾਂਕਣ ਬਾਦਸ਼ਾਹ ਨਾਲ ਉਨ੍ਹਾਂ ਦੇ ਰਾਤ ਭਰ ਰਹਿਣ ਦੇ ਅਧਾਰ ਤੇ ਹੁੰਦਾ ਸੀ। ਅਸਤਰ ਦੀ ਕਹਾਣੀ ਜ਼ਾਹਿਰ ਤੌਰ ਤੇ ਇਹ ਸਿਫ਼ਾਰਸ਼ ਕਰਨ ਲਈ ਨਹੀਂ ਦੱਸੀ ਜਾਂਦੀ ਕਿ ਖ਼ੁਦਾ ਦਾ ਖ਼ੌਫ਼ ਮੰਨਣ ਵਾਲੀਆਂ ਕੁੜੀਆਂ ਬਾਦਸ਼ਾਹ (ਜਾਂ ਕਿਸੇ ਹੋਰ) ਨੂੰ ਰਿਝਾਉਣ ਲਈ ਗੈਰ-ਇਖ਼ਲਾਕੀ ਕੰਮ ਕਰਕੇ ਅਸਤਰ ਦੀ ਨਕਲ ਕਰਨ।

ਬਾਦਸ਼ਾਹ ਵੱਲੋਂ ਅਸਤਰ ਨੂੰ ਮਲਕਾ ਚੁਣਿਆ ਜਾਣਾ (2:15-18)

15ਹੁਣ ਜਦ ਅਸਤਰ ਜਿਹੜੀ ਮਾਰਦਕਈ ਦੇ ਚਾਚੇ ਅਬੀਹਯਿਲ ਦੀ ਧੀ ਸੀ ਜਿਹ ਨੇ ਉਹ ਨੂੰ ਲੈ ਕੇ ਧੀ ਬਣਾ ਲਿਆ ਸੀ ਪਾਤਸ਼ਾਹ ਦੇ ਕੋਲ ਜਾਣ ਦੀ ਵਾਰੀ ਆਈ ਤਾਂ ਉਸ ਨੇ ਕੁਝ ਨਾ ਮੰਗਿਆ ਸਵਾਏ ਇਸ ਦੇ ਜੋ ਹਗਈ ਖੁਸਰੇ ਨੇ ਜਿਹੜਾ ਤੀਵੀਆਂ ਦਾ ਰਾਖਾ ਸੀ ਉਸ ਦੇ ਲਈ ਠਹਿਰਾਇਆ ਸੀ ਅਤੇ ਅਸਤਰ ਸਭ ਦੇ ਵੇਖਣ ਵਿਚ ਮਨਮੋਹਣੀ ਸੀ 16ਸੋ ਅਸਤਰ ਅਹਸ਼ਵੇਰੋਸ਼ ਪਾਤਸ਼ਾਹ ਦੇ ਕੋਲ ਉਹ ਦੇ ਸ਼ਾਹੀ ਮਹਿਲ ਵਿਚ ਉਹ ਦੇ ਰਾਜ ਦੇ ਸਤਵੇਂ ਵਰ੍ਹੇ ਦੇ ਦਸਵੇਂ ਮਹੀਨੇ ਜਿਹੜਾ ਟੇਬੇਥ ਦਾ ਮਹੀਨਾ ਸੀ ਪੁਚਾਈ ਗਈ। 17ਤਾਂ ਪਾਤਸ਼ਾਹ ਨੇ ਸਾਰੀਆਂ ਇਸਤ੍ਰੀਆਂ ਨਾਲੋਂ ਅਸਤਰ ਨੂੰ ਵੱਧ ਪਿਆਰ ਕੀਤਾ ਅਤੇ ਉਹ ਨੇ ਸਾਰੀਆਂ ਕੁਆਰੀਆਂ ਨਾਲੋਂ ਪਾਤਸ਼ਾਹ ਦਾ ਪਖ ਅਤੇ ਦਯਾ ਪਰਾਪਤ ਕੀਤੀ ਸੋ ਉਹ ਨੇ ਰਾਜ ਮੁਕਟ ਉਸ ਦੇ ਸਿਰ ਉੱਤੇ ਧਰ ਦਿੱਤਾ ਅਤੇ ਵਸ਼ਤੀ ਦੇ ਥਾਂ ਮਲਕਾ ਬਣਾ ਦਿੱਤੀ 18ਤਦ ਪਾਤਸ਼ਾਹ ਨੇ ਆਪਣੇ ਸਰਦਾਰਾਂ ਅਤੇ ਟਹਿਲੂਆਂ ਲਈ ਇਕ ਵੱਡੀ ਦਾਉਤ ਕੀਤੀ ਅਰਥਾਤ ਅਸਤਰ ਵਾਲੀ ਦਾਉਤ, ਅਤੇ ਸੂਬਿਆਂ ਨੂੰ ਮੁਆਫ਼ੀਆਂ ਅਤੇ ਇਨਾਮ ਸ਼ਾਹੀ ਸਖਾਉਤ ਦੇ ਅਨੁਸਾਰ ਦਿੱਤੇ।

ਮੁਕਾਬਲਿਆਂ ਦੇ ਇੰਚਾਰਜ ਬਾਦਸ਼ਾਹ ਦੇ ਖੁਸਰੇ ਤੋਂ ਮਿਲੀ ਉਚੇਚੀ ਮਦਦ ਨਾਲ, ਅਸਤਰ ਮੁਕਾਬਲਾ ਜਿੱਤ ਗਈ ਅਤੇ ਸਲਤਨਤ ਦੀ ਮਲਕਾ ਬਣ ਗਈ!

ਆਇਤ 15. ਜਦ **ਅਸਤਰ ਦੀ ਪਾਤਸ਼ਾਹ ਦੇ ਕੋਲ ਜਾਣ ਦੀ ਵਾਰੀ ਆਈ ਤਾਂ** ਉਸ ਨੇ **ਹਗਈ ਖੁਸਰੇ** ਦੀ ਸਲਾਹ ਨੂੰ ਬੜੇ ਧਿਆਨ ਨਾਲ ਮੰਨਿਆ। ਜ਼ਾਹਿਰ ਹੈ ਕਿ ਉਹ ਨੂੰ ਪਤਾ ਸੀ ਕਿ ਪਾਤਸ਼ਾਹ ਨੂੰ ਕਿਹੜੀ ਚੀਜ਼ ਰਿਝਾਏਗੀ। ਹਗਈ ਦੀ ਮੰਜ਼ੂਰੀ ਹਾਸਿਲ ਕਰਨ ਦੇ ਇਲਾਵਾ (2:8, 9), ਅਸਤਰ **ਸਭ ਦੇ ਵੇਖਣ ਵਿਚ ਮਨਮੋਹਣੀ ਸੀ**। ਇਹ ਤਾਰੀਫ਼ ਸਿਰਫ਼ ਉਹਦੇ ਸੁਹੱਪਣ ਦੀ ਹੀ ਨਹੀਂ ਬਲਕਿ ਉਹਦੀ ਦਿਲਕਸ਼ ਸ਼ਖ਼ਸ਼ੀਅਤ ਲਈ ਵੀ ਹੋਵੇਗੀ।

ਆਇਤ 16. ਉਸ ਯਾਦਗਾਰੀ ਰਾਤ ਦੀ ਤਰੀਕ **ਉਹ ਦੇ ਰਾਜ ਦੇ ਸਤਵੇਂ ਵਰ੍ਹੇ ਦੇ ਦਸਵੇਂ ਮਹੀਨੇ** ਦੀ ਦਿੱਤੀ ਗਈ ਹੈ। ਇਹ ਜਾਂ ਤਾਂ 479 ਈ.ਪੂ. ਦੇ ਦਿਸੰਬਰ ਜਾਂ 478 ਈ.ਪੂ. ਦੀ ਜਨਵਰੀ ਦੀ ਗੱਲ ਹੈ। ਯਹੂਦੀਆਂ ਲਈ ਇਹ ਇਕ ਇਤਹਾਸਕ ਮੌਕਾ, ਫ਼ਾਰਸੀ ਗੱਦੀ ਉੱਤੇ ਅਸਤਰ ਦੀ ਜੇਤੂ ਚੜ੍ਹਾਈ ਦੀ ਸ਼ੁਰੂਆਤ ਸੀ।

ਆਇਤ 17. ਅਸਤਰ ਨੇ ਬਾਦਸ਼ਾਹ ਦਾ ਦਿਲ ਜਿੱਤ ਲਿਆ। ਉਹ ਨੇ ਉਸ ਨੂੰ **ਸਾਰੀਆਂ ਇਸਤਰੀਆਂ ਨਾਲੋਂ ਵੱਧ ਪਿਆਰ ਕੀਤਾ** ਅਤੇ ਮੁਕਾਬਲੇ ਵਿਚਲੀਆਂ **ਕੁਆਰੀਆਂ** ਵਿੱਚੋਂ ਕਿਸੇ ਵੀ ਹੋਰ ਨਾਲੋਂ ਵਧ ਕੇ ਉਹਦੇ ਨਾਲ **ਦਯਾ** ਵਿਖਾਈ। ਉਸ ਨੇ ਵਸ਼ਤੀ ਦੀ ਥਾਂ **ਰਾਜ ਮੁਕਟ ਉਸ ਦੇ ਸਿਰ ਉੱਤੇ ਧਰ ਦਿੱਤਾ ਅਤੇ ਮਲਕਾ ਬਣਾ ਦਿੱਤੀ**।

ਆਇਤ 18. ਨਾਲੇ **ਅਸਤਰ** ਦੇ ਗੱਦੀ ਤੇ ਬੈਠਣ ਦਾ ਜਸ਼ਨ ਮਨਾਉਣ ਲਈ **ਪਾਤਸ਼ਾਹ ਇਕ ਵੱਡੀ ਦਾਉਤ ਕੀਤੀ**, ਜਸ਼ਨ ਨੇ ਇਕ ਹਿੱਸੇ ਦੇ ਰੂਪ ਵਿਚ ਸੂਬਿਆਂ ਨੂੰ ਮੁਆਫ਼ਿਆਂ ਅਤੇ ਆਪਣੀ ਖੁਸ਼ੀ ਦਾ ਇਜ਼ਹਾਰ ਕਰਨ ਲਈ ਲੋਕਾਂ ਨੂੰ **ਇਨਾਮ ਦਿੱਤੇ**। ਇਬਰਾਨੀ ਸ਼ਬਦ (*h^{a}nachah*, *ਹਾਨਾਕਾਹ*) ਜਿਸਦਾ ਅਨੁਵਾਦ ''ਮੁਆਫ਼ੀਆਂ'' ਹੋਇਆ ਹੈ, ਪੁਰਾਣੇ ਨੇਮ ਵਿਚ ਸਿਰਫ਼ ਇੱਥੇ ਹੀ ਮਿਲਦਾ ਹੈ ਅਤੇ ਇਸ ਦੇ ਅਰਥ ਉੱਤੇ ਬਹਿਸ ਕੀਤੀ ਜਾਂਦੀ ਹੈ। ਇਹ ਸ਼ਬਦ ''ਅਰਾਮ'' ਦਾ ਸੰਕੇਤ ਹੋ ਸਕਦਾ ਹੈ, ਪਰ LXX ਵਿਚ ਇਸ ਦਾ ਅਨੁਵਾਦ ''ਛੂਟ'' (*aphesis*, *ਆਪੇਸਿਕ*) ਦੇ ਤੌਰ ਤੇ ਹੋਇਆ ਹੈ। ਕਈ ਸੰਸਕਰਣਾਂ ਵਿਚ *ਹਨਾਕਾਹ* ਨੂੰ ਛੁੱਟੀ ਦੇਣ ਦੇ ਸੰਕੇਤ ਦੇ ਅਰਥ ਵਿਚ ਹੈ (NASB; NIV; NRSV; NEB), ਹੋਰਨਾਂ ਸੰਸਕਰਣਾਂ ਵਿਚ ਇਸ ਦਾ ਅਰਥ ਟੈਕਸ ਤੋਂ ਛੋਟ ਹੈ (RSV; NJPSV; ESV)। ਟੈਕਸ ਤੋਂ ਛੋਟ ਦੇ ਅਰਥ ਵਿਚ ਹੇਰੋਦੋਤਸ ਨੇ ਇਕ ਪਹਿਲੇ ਫ਼ਾਰਸੀ ਹਾਕਮ ਬਾਰੇ ਲਿਖਿਆ ਜਿਸ ਨੇ ਆਪਣੀ ਪਰਜਾ ਨੂੰ ਕੁਝ ਸਮੇਂ ਲਈ ਕਰ ਦੇਣ ਤੋਂ ਅਤੇ ਜ਼ਰੂਰੀ ਫ਼ੌਜੀ ਸੇਵਾ ਦੇਣ ਤੋਂ ਛੂਟ ਦਿੱਤੀ।[16]

ਇਸ ਲਈ ਕਹਾਣੀ ਦੇ ਕਥਾਨਕ ਦਾ ਪਹਿਲਾ ਚਰਣ ਪੂਰਾ ਹੋ ਗਿਆ। ਰਾਣੀ ਦੇ ਤੌਰ ਤੇ ਅਸਤਰ ਹੁਣ ਲੋਕਾਂ ਨੂੰ ਉਨ੍ਹਾਂ ਦੇ ਖਾਤਮੇ ਦਾ ਖ਼ਤਰਾ ਹੋਣ ਤੇ ਬਚਾਉਣ ਦੀ ਹਾਲਤ ਵਿਚ ਸੀ। ਕੋਈ ਵੀ ਪਾਠਕ ਉਨ੍ਹਾਂ ਖੁਸ਼ਨਸ਼ੀਬ ਪਰ ਸੰਯੋਗਾਂ ਤੋਂ ਹੈਰਾਨ ਹੋ ਸਕਦਾ ਹੈ ਜਿਨ੍ਹਾਂ ਨਾਲ ਇਹ ਯਤੀਮ ਗੱਦੀ ਤਕ ਪਹੁੰਚੀ। ਪਰ ਵਧੇਰੇ ਬਾਈਬਲੀ ਜਵਾਬ ਖ਼ੁਦਾ ਦੇ ਅਗਵਾਈ ਕਰਨ ਵਾਲੇ ਹੱਥ ਨੂੰ ਉਨ੍ਹਾਂ ਹਾਲਾਤ ਵਿਚ ਵੇਖਣਾ ਹੈ, ਜਿਹੜਾ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਰੱਬੀ ਇੰਤਜ਼ਾਮ ਦੇ ਰਾਹੀਂ ਕੰਮ ਕਰ ਰਿਹਾ ਸੀ। ਅਲਗਜ਼ੈਂਡਰ ਕਾਰਸਨ ਨੇ ਇਸ ਤਰ੍ਹਾਂ ਨਾਲ ਲਿਖਿਆ ਹੈ:

> ਭਲਾ ਕੋਈ ਐਨਾ ਅੰਨ੍ਹਾ ਹੈ ਕਿ ਉਹ ਇਹ ਕਲਪਨਾ ਨਾ ਕਰ ਸਕੇ ਕਿ ਇਹ ਪੂਰੀ ਤਰ੍ਹਾਂ ਨਾਲ ਰੱਬੀ ਇੰਤਜ਼ਾਮ ਸੀ ਕਿ ਬੰਦੀ ਯਹੂਦੀਆਂ ਦੀ ਛੋਟੀ ਜਿਹੀ ਗਿਣਤੀ ਵਿੱਚੋਂ ਕੋਈ ਇਕ ਸੌ ਸਤਾਈ ਸੂਬਿਆਂ ਦੀਆਂ ਸਾਰੀਆਂ ਕੁਆਰੀਆਂ ਨਾਲੋਂ ਵੱਧ ਸੋਹਣੀ ਮਿਲੇ? ਭਲਾ ਕੋਈ ਇਸ ਉੱਤੇ ਸਵਾਲ ਕਰ ਸਕਦਾ ਹੈ ਕਿ ਖ਼ੁਦਾ ਨੇ ਉਹ ਨੂੰ ਓਸੇ ਮੌਕੇ ਲਈ ਉਹ ਬੇਹਤਰੀਨ ਸੁਹੱਪਣ ਦਿੱਤਾ?[17]

ਮਾਰਦਕਈ ਬਾਦਸ਼ਾਹ ਦੀ ਜਾਨ ਬਚਾਉਂਦਾ ਹੈ (2:19-23)

[19]ਜਦ ਦੂਜੀ ਵਾਰ ਕੁਆਰੀਆਂ ਇਕੱਠੀਆਂ ਕੀਤੀਆਂ ਗਈਆਂ ਤਾਂ ਮਾਰਦਕਈ ਸ਼ਾਹੀ ਫਾਟਕ ਤੇ ਬੈਠਾ ਸੀ [20]ਅਸਤਰ ਨੇ ਨਾ ਆਪਣੇ ਟੱਬਰ ਦਾ, ਨਾ ਆਪਣੀ ਉੱਮਤ ਦਾ ਪਤਾ ਦੱਸਿਆ ਕਿਉਂ ਜੋ ਮਾਰਦਕਈ ਨੇ ਉਸ ਨੂੰ ਤਾਗੀਦ ਕੀਤੀ ਹੋਈ ਸੀ ਅਰ ਅਸਤਰ ਮਾਰਦਕਈ ਦਾ ਹੁਕਮ ਓਦਾਂ ਹੀ ਮੰਨਦੀ ਸੀ ਜਿਦਾਂ ਜਦ ਉਹ ਉਹ ਦੇ ਕੋਲ ਪਲਦੀ ਸੀ। [21]ਉਨ੍ਹਾਂ ਦਿਨਾਂ ਵਿਚ ਜਦ ਮਾਰਦਕਈ ਪਾਤਸ਼ਾਹ ਦੇ ਫਾਟਕ ਉੱਤੇ ਬੈਠਦਾ ਹੁੰਦਾ ਸੀ ਤਾਂ ਪਾਤਸ਼ਾਹੀ ਖੁਸਰਿਆਂ ਵਿੱਚੋਂ ਦੋ ਖੁਸਰਿਆਂ ਨੇ ਜਿਹੜੇ ਦਰਵੱਜੇ ਉੱਤੇ ਪਹਿਰਾ ਦਿੰਦੇ ਸਨ ਅਰਥਾਤ ਬਿਗਥਾਨ ਅਤੇ ਤਰਸ਼ ਨੇ ਵਿਗੜ ਕੇ ਪਾਤਸ਼ਾਹ ਅਹਸ਼ਵੇਰੋਸ਼ ਨੂੰ ਹੱਥ ਪਾਉਣਾ ਚਾਹਿਆ [22]ਏਸ ਗੱਲ ਦਾ ਮਾਰਦਕਈ ਨੂੰ ਪਤਾ ਲੱਗਾ ਤਾਂ ਉਹ ਨੇ ਮਲਕਾ ਅਸਤਰ ਨੂੰ ਦੱਸ ਦਿੱਤੀ ਅਤੇ ਅਸਤਰ ਨੇ ਮਾਰਦਕਈ ਦਾ ਨਾਉਂ ਲੈ ਕੇ ਪਾਤਸ਼ਾਹ ਨੂੰ ਆਖਿਆ [23]ਜਦ ਇਸ ਗੱਲ ਦਾ ਖੋਜ ਕੱਢਿਆ ਗਿਆ ਤਾਂ ਇਹ ਗੱਲ ਨਿੱਕਲ ਆਈ ਅਤੇ ਉਹ ਦੋਵੇਂ ਰੁੱਖ ਉੱਤੇ ਫਾਂਸੀ ਦਿੱਤੇ ਗਏ ਅਤੇ ਇਹ ਗੱਲ ਪਾਤਸ਼ਾਹ ਦੇ ਸਾਹਮਣੇ ਇਤਹਾਸ ਦੀ ਪੋਥੀ ਵਿਚ ਲਿੱਖੀ ਗਈ।

ਅਧਿਆਇ ਦੇ ਆਖ਼ਰੀ ਦੋ ਪੈਰ੍ਹਿਆਂ ਵਿਚ, ਪਾਠਕ ਨੂੰ ਕੁਝ ਪਤਾ ਲਗਦਾ ਹੈ ਜੋ ਅਸਤਰ ਨੇ ਬਾਦਸ਼ਾਹ ਨੂੰ ਨਹੀਂ ਦੱਸਿਆ ਅਤੇ ਜੋ ਕੁਝ ਉਸ ਨੇ ਬਾਦਸ਼ਾਹ ਨੂੰ ਦੱਸਿਆ। ਅਗਲੀਆਂ ਘਟਨਾਵਾਂ ਵਿਚ ਇਹ ਦੋਵੇਂ ਗੱਲਾਂ ਅਹਿਮ ਹਨ।

ਆਇਤ 19. ਦੂਜੀ ਵਾਰ ਨੂੰ ਕਈ ਤਰੀਕਿਆ ਨਾਲ ਦੱਸਿਆ ਗਿਆ ਹੈ। ਮਾਈਕਲ ਵੀ. ਫ਼ੋਕਸ ਦਾ ਵਿਚਾਰ ਸੀ ਕਿ ਸਭ ਤੋਂ ਵਧੀਆ ਵਿਆਖਿਆ ਇਹ ਹੈ ਕਿ ਇਹ ਪੈਰ੍ਹਾ ‘‘ਦੂਜੇ ਜਨਾਨ ਖਾਨੇ’’ ਵਿਚ **ਕੁਆਰੀਆਂ** ਦੇ ਇਕੱਠੇ ਹੋਣ ਦੀ ਗੱਲ ਕਰਦਾ ਹੈ।[18] ਅਜਿਹੀ ਵਿਅਖਿਆ ਸਮਝ ਵਿਚ ਆਉਂਦੀ ਹੈ ਕਿਉਂ ਜੋ ਮਲਕਾ ਦੇ ਤੌਰ ਤੇ ਅਸਤਰ ਦੀ ਨਿਯੁਕਤੀ ਦਾ ਮਤਲਬ ਇਹ ਹੋਵੇਗਾ ਕਿ ਮੁਕਾਬਲਾ ਖ਼ਤਮ ਹੋ ਗਿਆ। ਸ਼ਾਇਦ ਵਿਚਾਰ ਇਹ ਹੈ ਕਿ ਕੋਈ ਵੀ ਉਮੀਦਵਾਰ ਜਿਸ ਨੂੰ ਅਜੇ ਦੂਜੇ ਜਨਾਨਖਾਨੇ ਵਿਚ ਨਹੀਂ ਬਦਲਿਆ ਗਿਆ ਉਹ ਬਾਦਸ਼ਾਹ ਨਾਲ ਰਾਤ ਕੱਟੇ ਬਿਨਾਂ ਉਸ ਜਨਾਨਖਾਨੇ ਵਿਚ ਚਲੀ ਜਾਵੇ।

ਇਸ ਸਮੇਂ ਦੌਰਾਨ ਮਹਿਲ ਦੇ ਬਾਹਰ **ਮਾਰਦਕਈ ਸ਼ਾਹੀ ਫਾਟਕ ਤੇ ਬੈਠਾ**।[19] ਜਿਵੇਂ 2:11 ਤੋਂ ਸੁਝਾਅ ਮਿਲਦਾ ਹੈ, ਉਹ ਆਪਣੀ ਗੋਦ ਲਈ ਬੇਟੀ ਦੇ ਨੇੜੇ ਤੇੜੇ ਰਹਿਣ ਅਤੇ ਅਸਤਰ ਦਾ ‘‘ਹਾਲ ਚਾਲ ਪਤਾ ਕਰਨ ਅਤੇ ਇਹ ਵੇਖਣ ਲਈ ਕਿ ਉਹਦਾ ਖਾਣਾ ਪੀਣਾ ਕਿਵੇਂ ਦਾ ਹੈ।’’

ਆਇਤ 20. ਲੇਖਕ ਨੇ ਇੱਥੇ ਕੁਝ ਜਾਣਕਾਰੀ ਜੋੜ ਦਿੱਤੀ ਜਿਹੜੀ ਕਹਾਣੀ ਵਿਚ ਅੱਗੇ ਮਹੱਤਵਪੂਰਣ ਹੈ ਕਿ **ਅਸਤਰ** ਨੇ ਅਹਸ਼ਵੇਰੋਸ਼ ਉੱਤੇ ਇਹ ਜ਼ਾਹਿਰ ਨਹੀਂ ਕੀਤਾ ਕਿ ਉਹ ਯਹੂਦਣ ਹੈ (ਵੇਖੋ 2:10)। ਉਹ ਨੇ ਅਸਤਰ ਦੀ ਤਾਰੀਫ਼ ਕੀਤੀ ਕਿਉਂ ਜੋ, ਆਪਣੀ ਹੋਰਨਾਂ ਖੂਬੀਆਂ ਦੇ ਨਾਲ, ਉਹ ਆਪਣੇ ਭਰਾ ਅਤੇ ਗੋਦਲੇਵਾ ਪਿਤਾ **ਮਾਰਦਕਈ** ਦੀ ਆਗਿਆਕਾਰ ਬੇਟੀ ਦੇ ਰੂਪ ਵਿਚ ਕੰਮ ਕਰਦੀ ਸੀ।

ਆਇਤ 21. ਮਾਰਦਕਈ ਜਦ **ਪਾਤਸ਼ਾਹ ਦੇ ਫਾਟਕ ਉੱਤੇ ਬੈਠਦਾ ਹੁੰਦਾ ਸੀ** ਤਾਂ ਉਹਨੇ ਦੋ ਪਹਿਰੇਦਾਰਾਂ ਨੂੰ ਬਾਦਸ਼ਾਹ **ਨੂੰ ਹੱਥ ਪਾਉਣ** ਭਾਵ ਕਤਲ ਕਰਨ ਦੀ ਯੋਜਨਾ ਬਣਾਉਂਦਿਆਂ ਸੁਣਿਆ। ਬਾਦਸ਼ਾਹਾਂ ਦਾ ਕਤਲ ਪ੍ਰਾਚੀਨ ਨੇੜਲੇ ਪੂਰਬ ਵਿਚ ਕੋਈ ਨਵੀਂ ਗੱਲ ਨਹੀਂ ਸੀ। ਅਸਲ ਵਿਚ ਬਾਦਸ਼ਾਹ ਅਖ਼ੀਰ ਵਿਚ ਅਜਿਹੀ ਹੀ ਇਕ ਸਾਜ਼ਸ਼ ਦਾ ਸ਼ਿਕਾਰ ਹੋ ਗਿਆ, ਜਦ ‘‘465 ਦੇ ਅਖ਼ੀਰ ਦੇ ਨੇੜੇ ਤੇੜੇ, ਅਕਸ਼ਰਕਸ਼ਸ ਨੂੰ ਉਸ ਦੀ ਖ਼ਾਬਗਾਹ ਵਿਚ ਕਤਲ ਕਰ ਦਿੱਤਾ ਗਿਆ।’’[20]

ਆਇਤਾਂ 22, 23. ਮਾਰਦਕਈ ਨੇ ਇਹ **ਗੱਲ ਮਲਕਾ ਅਸਤਰ** ਤਕ ਪਹੁੰਚਾ ਦਿੱਤੀ ਅਤੇ ਉਸ ਨੇ ਇਹ ਜਾਣਕਾਰੀ **ਮਾਰਦਕਈ ਦਾ ਨਾਉਂ ਲੈ ਕੇ ਪਾਤਸ਼ਾਹ ਨੂੰ** ਦੇ ਦਿੱਤੀ। ਜਿਸ ਕਰਕੇ ਉਨ੍ਹਾਂ ਦੋਹਾਂ ਹੋਣ

ਵਾਲੇ ਕਾਤਲਾਂ ਨੂੰ **ਰੁੱਖ ਉੱਤੇ ਫਾਂਸੀ** ਦੇ ਦਿੱਤੀ ਗਈ (ਤੇ ਟਿੱਪਣੀਆਂ ਵੇਖੋ 5:14), ਅਤੇ ਮਾਰਦਕਈ ਦਾ ਇਹ ਨੇਕ ਕੰਮ ਰਾਜ ਦੇ **ਇਤਹਾਸ ਦੀ ਪੋਥੀ** ਵਿਚ ਦਰਜ ਕਰ ਦਿੱਤਾ ਗਿਆ।[21]

ਇਹ ਘਟਨਾ ਵਿਰਤਾਂਤ ਦੀ ਮੁੱਖ ਗੱਲ ਤੋਂ ਭਟਕਣਾ ਲਗਦੀ ਹੈ। ਜਿਹਨੂੰ ਬਾਕੀ ਦੀ ਕਹਾਣੀ ਦਾ ਪਤਾ ਨਾ ਹੋਵੇ ਉਹ ਨੂੰ ਇਹ ਦਿਲਚਸਪ ਲਗ ਸਕਦੀ ਹੈ ਪਰ ਇਹ ਹੈਰਾਨੀ ਹੋ ਸਕਦੀ ਹੈ ਕਿ ਇਸ ਨੂੰ ਇੱਥੇ ਕਿਉਂ ਸ਼ਾਮਿਲ ਕੀਤਾ ਗਿਆ। ਪਰ ਇਹ ਘਟਨਾਵਾਂ ਬੇਹੱਦ ਮਹੱਤਵਪੂਰਣ ਹਨ, ਅਤੇ ਉਹ ਵਿਰਤਾਂਤ ਦੇ ਚਰਮ ਦੀ ਝਲਕ ਦਿੰਦੀਆਂ ਹਨ। ਮਾਰਦਕਈ ਨੇ (ਅਚਾਨਕ) ਇਸ ਸਾਜ਼ਸ਼ ਬਾਰੇ ਸੁਣ ਲਿਆ ਇਸ ਕਰਕੇ ਉਨ੍ਹਾਂ ਦੋਹਾਂ ਦੁਸ਼ਟਾਂ ਨੂੰ ਫਾਂਸੀ ਦੇ ਦਿੱਤੀ ਗਈ। ਇਸ ਮੌਕੇ ਤੇ ਬਾਦਸ਼ਾਹ ਦੀ ਜਾਨ ਬਚ ਗਈ ਸੀ ਅਤੇ ਇਹ ਘਟਨਾ ਦਰਜ ਕਰ ਦਿੱਤੀ ਗਈ ਸੀ। ਬਾਅਦ ਵਿਚ ਮਾਰਦਕਈ ਦਾ ਦਰਜ ਹੋਇਆ ਬਹਾਦਰੀ ਕਾ ਕੰਮ ਅਣਜਾਣੇ ਵਿਚ ਬਾਦਸ਼ਾਹ ਦੇ ਧਿਆਨ ਵਿਚ ਲਿਆਂਦਾ ਗਿਆ, ਜਿਸ ਕਰਕੇ ਇਕ ਹੋਰ ਦੁਸ਼ਟ ਨੂੰ ਫਾਂਸੀ ਦਿੱਤੀ ਗਈ।

ਪ੍ਰਸੰਗਿਕਤਾ

ਉਦਾਹਰਣ ਦੇ ਰੂਪ ਵਿਚ ਅਸਤਰ (ਅਧਿਆਇ 2)

ਅਸਤਰ ਪੁਰਾਣੇ ਨੇਮ ਦੇ ਪ੍ਰਮੁੱਖ ਪਾਤਰਾਂ ਵਿੱਚੋਂ ਇਕ ਹੈ। ਫ਼ਾਰਸੀ ਬਾਦਸ਼ਾਹ ਅਹਸ਼ਵੇਰੋਸ਼, ਜਾਂ ਅਕਸ਼ਰਕਸ਼ਸ ਨਾਲ ਉਸ ਦੀ ਦਖ਼ਲਅੰਦਾਜ਼ੀ ਦੇ ਕਾਰਣ, ਯਹੂਦੀਆਂ ਨੂੰ 480 ਈ.ਪੂ. ਦੇ ਨੇੜੇ ਤੇੜੇ ਖ਼ਾਤਮੇ ਤੋਂ ਬਚਾਇਆ ਗਿਆ। ''ਜੋ ਕੁਝ ਅੱਗੇ ਲਿਖਿਆ ਗਿਆ ਉਹ ਸਾਡੀ ਸਿੱਖਿਆ ਦੇ ਲਈ ਲਿਖਿਆ ਗਿਆ'' (ਰੋਮੀਆਂ 15:4; KJV), ਇਸ ਕਰਕੇ ਸਾਡਾ ਝੁਕਾਅ ਉਸ ਉੱਤੇ ਵਿਚਾਰ ਕਰਨ ਵਾਲਾ ਹੁੰਦਾ ਹੈ ਜੋ ਖ਼ੁਦਾ ਨੇ ਲੋਕਾਂ ਲਈ ਇਕ ਮਿਸਾਲ ਦਾ ਕੰਮ ਕਰਨ ਲਈ, ਖ਼ਾਸਕਰ ਔਰਤਾਂ ਲਈ, ਬਾਅਦ ਦੇ ਸਾਲਾਂ ਵਿਚ ਚਾਹਿਆ। ਭਲਾ ਅਸਤਰ ਮਸੀਹੀ ਔਰਤਾਂ ਲਈ ਇਕ ਚੰਗੀ ਉਦਾਹਰਣ ਸੀ? ਜੇ ਹਾਂ, ਤਾਂ ਕਿਵੇਂ?

ਉਨ੍ਹਾਂ ਕੁਝ ਤਰੀਕਿਆਂ ਉੱਤੇ ਧਿਆਨ ਦੇਣ ਤੋਂ ਪਹਿਲਾਂ ਜਿਨ੍ਹਾਂ ਵਿਚ ਅਸਤਰ ਸਾਡੇ ਲਈ ਚੰਗੀ ਉਦਾਹਰਣ ਦਾ ਕੰਮ ਕਰ ਸਕਦੀ ਹੈ, ਸਾਨੂੰ ਇਕ ਮੁੱਖ ਗੱਲ ਉੱਤੇ ਧਿਆਨ ਦੇਣਾ ਜ਼ਰੂਰੀ ਹੈ ਕਿ ਅਸਤਰ ਦੀ ਕਿਤਾਬ ਮੁੱਖ ਤੌਰ ਤੇ ਅਸਤਰ ਦੀ ਕਹਾਣੀ ਨੂੰ ਸਾਨੂੰ ਦੱਸ ਕੇ ਨੈਤਿਕ ਸਬਕ ਦੇਣ ਲਈ ਨਹੀਂ ਲਿਖੀ ਗਈ ਸੀ। ਪੁਰਾਣੇ ਨੇਮ ਦੀਆਂ ਇਤਹਾਸ ਦੀਆਂ ਹੋਰਨਾਂ ਕਿਤਾਬਾਂ ਵਾਂਗ ਇਹ ਕਿਤਾਬ ਸਾਨੂੰ ਉਸ ਦੇ ਲੋਕਾਂ ਅਤੇ ਛੁਟਕਾਰੇ ਦੀ ਉਸ ਦੀ ਯੋਜਨਾ ਬਾਰੇ ਕੁਝ ਦੱਸਣ ਲਈ ਲਿਖੀ ਗਈ। ਬੇਸ਼ੱਕ ਇਹ ਇਤਹਾਸ ਨਾਲ ਸਬੰਧਿਤ ਹੈ, ਪਰ ਜਿਹੜਾ ਇਤਹਾਸ ਇਹ ਵਿਖਾਉਂਦੀ ਹੈ ਉਹ ''ਮੁਕਤੀ ਦਾ ਇਤਹਾਸ'' ਹੈ।

ਕਿਤਾਬ ਦਾ ਮਕਸਦ ਇਖ਼ਲਾਕੀ ਸਿੱਖਿਆ ਦੇਣਾ ਨਹੀਂ, ਇਸ ਕਰਕੇ ਸਾਨੂੰ ਅਸਤਰ ਦਾ ਬਚਾਅ ਕਰਨ ਅਤੇ ਇਹ ਕਲਪਨਾ ਕਰਨ ਦੀ ਲੋੜ ਨਹੀਂ ਹੈ ਕਿ ਅਸਤਰ ਨੇ ਜੋ ਕੁਝ ਕੀਤਾ ਉਹ ਸ਼ਲਾਘਾਯੋਗ ਹੈ। ਅਸਤਰ ਨੇ ਇਕ ਤਰ੍ਹਾਂ ਦੇ ਖ਼ੂਬਸੂਰਤੀ ਦੇ ਮੁਕਾਬਲੇ ਵਿਚ ਹਿੱਸਾ ਲਿਆ ਅਤੇ ਇਸ ਤਰ੍ਹਾਂ ਉਹ ਫ਼ਾਰਸੀ ਸਲਤਨਤ ਦੀ ਰਾਣੀ ਬਣ ਗਈ, ਪਰ ਇਹ ਇਹ ਸਾਬਿਤ ਨਹੀਂ ਕਰਦਾ ਕਿ ਅੱਜ ਕਿਸੇ ਮਸੀਹੀ ਕੁੜੀ ਜਾਂ ਔਰਤ ਨੂੰ ਖ਼ੂਬਸੂਰਤੀ ਦੇ ਮੁਕਾਬਲੇ ਵਿਚ ਹਿੱਸਾ ਲੈਣਾ ਜਾਂ ਉਹ ਕਰਨਾ ਜੋ ਅਸਤਰ ਨੇ ਆਪਣਾ ਤਾਜ ਹਾਸਿਲ ਕਰਨ ਲਈ ਕੀਤਾ, ਸਮਝਦਾਰੀ ਹੈ। ਹੋਰ ਤਰ੍ਹਾਂ ਨਾਲ ਵੀ ਅਸਤਰ ਦੇ ਕੰਮਾਂ ਦੀ ਸ਼ਲਾਘਾ ਕੀਤੇ ਜਾਣ ਨਾਲੋਂ ਸ਼ੰਕਾਂ ਵਧੇਰੇ ਕੀਤੀ ਜਾ ਸਕਦੀ ਹੈ।

ਫਿਰ ਵੀ ਅਸਤਰ ਨੇ ਕੁਝ ਚੰਗੇ ਗੁਣ ਗੁਣ ਵਿਖਾਏ ਜਿਨ੍ਹਾਂ ਦੀ ਮਸੀਹੀ ਔਰਤਾਂ (ਅਤੇ ਆਦਮੀ) ਰੀਸ ਕਰਨ ਤਾਂ ਚੰਗਾ ਹੈ।

ਉਸ ਦੀ ਵਫ਼ਾਦਾਰੀ। ਅਸਤਰ ਨੇ ਆਪਣੇ ਪਰਿਵਾਰ ਅਤੇ ਆਪਣੇ ਲੋਕਾਂ ਨਾਲ ਵਫ਼ਾਦਾਰੀ ਨੂੰ ਵਿਖਾਇਆ। ਲੇਖਕ ਨੇ ਉਸਦੇ ਆਪਣੇ ਭਰਾ ਅਤੇ ਪਿਤਾ ਸਮਾਨ ਮਾਰਦਕਈ ਦੇ ਆਗਿਆਕਾਰ ਹੋਣ ਉੱਤੇ ਜ਼ੋਰ ਦਿੱਤਾ (2: 10, 20)। ਇਹ ਵਿਰਤਾਂਤ ਸਾਨੂੰ ਜਾਣਕਾਰੀ ਦਿੰਦਾ ਹੈ ਕਿ ਅਸਤਰ ਯਹੂਦੀਆਂ ਦੇ ਪ੍ਰਤੀ ਐਨੀ ਕੁ ਵਫ਼ਾਦਾਰ ਸੀ ਕਿ ਉਹ ਉਨ੍ਹਾਂ ਦੀਆਂ ਜਾਨਾਂ ਨੂੰ ਬਚਾਉਣ ਲਈ ਬਿਨਾਂ ਸੱਦੇ ਬਾਦਸ਼ਾਹ ਦੇ ਸਾਹਮਣੇ ਚਲੀ ਗਈ, ਭਾਵੇਂ ਅਜਿਹਾ ਕਰਨਾ ਉਹਦੇ ਲਈ ਖ਼ਤਰਨਾਕ ਸੀ।

ਅੱਜ ਅਜਿਹੀ ਹੀ ਵਫ਼ਾਦਾਰੀ, ਆਗਿਆਕਾਰਿਤਾ ਅਤੇ ਨਮਕ ਹਲਾਲੀ ਦੀ ਲੋੜ ਹੈ। ਬੱਚਿਆਂ ਲਈ ਆਪਣੇ ਮਾਪਿਆਂ ਦਾ ਹੁਕਮ ਮੰਨਣਾ ਅਤੇ ਮਸੀਹੀ ਲੋਕਾਂ ਲਈ ਸਰਕਾਰੀ ਅਧਿਕਾਰੀਆਂ ਦੇ ਅਧੀਨ ਰਹਿਣਾ ਅਤੇ ਉਨ੍ਹਾਂ ਦਾ ਜਿਹੜੇ ਪ੍ਰਭੂ ਦੀ ਕਲੀਸੀਆ ਦੀ ਅਗਵਾਈ ਕਰਦੇ ਹਨ, ਆਦਰ ਕਰਨਾ ਜ਼ਰੂਰੀ ਹੈ।

ਸ਼ਾਇਦ ਹੋਰ ਵੀ ਜ਼ਰੂਰੀ ਖ਼ੁਦਾ ਦੇ, ਮਸੀਹ ਦੇ, ਅਤੇ ਕਲੀਸੀਆ ਦੇ ਵਫ਼ਾਦਾਰ ਹੋਣ ਦੀ ਲੋੜ ਹੈ। ਬਹੁਤ ਸਾਰੇ ਲੋਕ ਜਿਹੜੇ ਆਪਣੇ ਸਿਆਸੀ ਪਾਰਟੀਆਂ, ਸਮਾਜਾਂ, ਸਮਾਜਿਕ ਦਲਾਂ, ਸਕੂਲਾਂ ਅਤੇ ਖੇਡਾਂ ਵਿਚ ਟੀਮਾਂ ਦੇ ਵਫ਼ਾਦਾਰ ਹੁੰਦੇ ਹਨ ਉਨ੍ਹਾਂ ਨੂੰ ਆਪਣੀਆਂ ਮੰਡਲੀਆਂ ਨਾਲ ਬੜਾ ਘੱਟ ਲਗਾਅ ਮਹਿਸੂਸ ਹੁੰਦਾ ਹੈ। ਸਾਨੂੰ ਬਰਾਦਰੀ ਦੀ ਭਾਵਨਾ ਦੀ ਲੋੜ ਹੈ ਜਿਸ ਨਾਲ ਸਾਨੂੰ ਕਲੀਸੀਆ ਦੇ ਵਫ਼ਾਦਾਰ ਹੋਣ ਲਈ ਦਲੇਰੀ ਮਿਲੇ। ਜਦ ਅਸੀਂ ਅਜਿਹੀ ਵਫ਼ਾਦਾਰੀ ਦੀ ਗੱਲ ਕਰਦੇ ਹਾਂ ਤਾਂ ਅਸੀਂ ਕਲੀਸੀਆ ਦੀ ਰਖਵਾਲੀ ਅਤੇ ਉਸ ਦੀ ਉਸਾਰੀ ਲਈ ਕਲੀਸੀਆ ਦੇ ਹੋਰਨਾਂ ਮੈਂਬਰਾਂ ਦਾ ਭਲਾ ਕਰਨ ਲਈ ਅਤੇ ਕਲੀਸੀਆ ਦੀ ਤਰੱਕੀ ਲਈ ਜੋ ਵੀ ਕਰ ਸਕਦੇ ਹਾਂ, ਕਰਾਂਗੇ। ਜੇ ਅਸਤਰ ਅਤੇ ਯਹੂਦੀਆਂ ਨੂੰ ਜਿਸਮਾਨੀ ਇਸਰਾਏਲ ਨਾਲ ਐਨਾ ਲਗਾਅ ਅਤੇ ਵਫ਼ਾਦਾਰੀ ਹੋ ਸਕਦੀ ਹੈ ਤਾਂ ਸਾਨੂੰ ਯਕੀਨਨ ਹੀ ਰੂਹਾਨੀ ਇਸਰਾਏਲ ਵਿਚ ਦੀ ਆਪਣੀ ਸੇਵਾ ਵਿਚ ਹੋਰ ਵੀ ਵੱਧ ਲੱਗਣਾ ਚਾਹੀਦਾ ਹੈ।

ਉਸ ਦਾ ਹੌਸਲਾ। ਅਸਤਰ ਵੱਲੋਂ ਵਿਖਾਈ ਗਈ ਇਕ ਦੂਜੀ ਖੂਬੀ ਦਲੇਰੀ ਸੀ। ਜਦ ਮਾਰਦਕਈ ਨੇ ਉਸ ਨੂੰ ਯਹੂਦੀਆਂ ਦੀ ਤਰਫ਼ੋਂ ਬਾਦਸ਼ਾਹ ਦੇ ਅੱਗੇ ਵਿਚੋਲਗੀ ਕਰਨ ਵਾਸਤੇ ਆਖਿਆ, ਤਾਂ ਉਸ ਨੇ ਉਸ ਨੂੰ ਕਿਹਾ ਕਿ ਬਿਨਾਂ ਸੱਦੇ ਬਾਦਸ਼ਾਹ ਦੇ ਕੋਲ ਜਾਣਾ ਉਹਦੀ ਆਪਣੀ ਜ਼ਿੰਦਗੀ ਨੂੰ ਖ਼ਤਰੇ ਵਿਚ ਪਾ ਦਵੇਗਾ। ਮਾਰਦਕਈ ਨੇ ਉਸ ਨੂੰ ਉਹ ਕਰਨ ਲਈ ਮਨਾਇਆ ਜੋ ਉਸ ਨੇ ਆਖਿਆ, ਅਤੇ ਨਤੀਜਾ ਇਹ ਹੋਇਆ ਕਿ ਉਹ ਨੇ ਹਿੰਮਤ ਕੀਤੀ ਅਤੇ ਬਾਦਸ਼ਾਹ ਅਹਸ਼ਵੇਰੋਸ਼ ਦੇ ਸਾਹਮਣੇ ਚਲੀ ਗਈ, ਇਹ ਜਾਣੇ ਬਿਨਾਂ ਕਿ ਉਹ ਨੂੰ ਕਬੂਲ ਕੀਤਾ ਜਾਵੇਗਾ ਜਾਂ ਫਿਰ ਮੌਤ ਮਿਲੇਗੀ (4: 1–17)। ਆਦਮੀ ਹੋਣ ਜਾਂ ਔਰਤਾਂ, ਅਜਿਹੀ ਬਹਾਦਰੀ ਦੋਹਾਂ ਵਿਚ ਬੜੀ ਘੱਟ ਮਿਲਦੀ ਹੈ।

ਅੱਜ ਮਸੀਹੀ ਲੋਕਾਂ ਨੂੰ ਬਹਾਦਰ ਬਣਨ ਦੀ ਵੀ ਲੋੜ ਹੈ। ਮਸੀਹੀ ਜ਼ਿੰਦਗੀ ਜੀਣਾ ਹਮੇਸ਼ਾ ਅਸਾਨ ਨਹੀਂ ਹੁੰਦਾ। ਧਰਤੀ ਉੱਤੇ ਲੋਕਾਂ ਦੀ ਬਹੁਗਿਣਤੀ ਹਮੇਸ਼ਾ ਪ੍ਰਭੂ ਦੀ ਬਜਾਇ ਸ਼ਤਾਨ ਦੀ ਸੇਵਾ ਕਰਨ ਵਾਲਿਆਂ ਦੀ ਰਹੇਗੀ। ਮਸੀਹੀ ਲੋਕਾਂ ਨਾਲ ਘਿਰਣਾ ਕੀਤੀ ਜਾਂਦੀ ਰਹੇਗੀ ਅਤੇ ਉਨ੍ਹਾਂ ਨੂੰ ਸਤਾਇਆ ਜਾਂਦਾ ਰਹੇਗਾ। ਪਰੀਖਿਆਵਾਂ ਆਪਣੇ ਆਪ ਆਉਣਗੀਆਂ ਅਤੇ ਉਨ੍ਹਾਂ ਨੂੰ ਪਾਰ ਕਰ ਪਾਉਣਾ ਮੁਸ਼ਕਿਲ ਹੋਵੇਗਾ। ਬਹੁਗਿਣਤੀ ਲੋਕਾਂ ਦੀ ਨਫ਼ਰਤ ਦੇ ਬਾਵਜੂਦ, ਮਖੌਲ ਉਡਾਏ ਜਾਣ ਅਤੇ ਸਤਾਏ ਜਾਣ ਦੇ ਬਾਵਜੂਦ ਅਤੇ ਜ਼ਬਰਦਸਤ ਪਰਿਖਿਆਵਾਂ ਦੇ ਬਾਵਜੂਦ ਕੋਈ ਵਫ਼ਾਦਾਰ ਕਿਵੇਂ ਬਣਿਆ ਰਹਿ ਸਕਦਾ ਹੈ? ਵਫ਼ਾਦਾਰ ਬਣੇ ਰਹਿਣ ਲਈ ਮਸੀਹੀ ਵਿਅਕਤੀ ਨੂੰ ਆਪਣੇ ਈਮਾਨ ਵਿਚ ਮਜ਼ਬੂਤ ਹੋਣਾ ਜ਼ਰੂਰੀ ਹੈ। ਮੁੱਢਲੇ ਮਸੀਹੀ ਜ਼ਬਰਦਸਤ ਬਹਾਦੁਰੀ ਵਿਖਾਉਂਦੇ ਸਨ। ਉਨ੍ਹਾਂ ਨੇ ਵਫ਼ਾਦਾਰ ਬਣੇ ਰਹਿਣ ਦਾ ਇਰਾਦਾ ਕੀਤਾ ਹੋਇਆ ਸੀ ਭਾਵੇਂ ਇਹਦਾ ਮਤਲਬ ਆਪਣੇ ਵਿਸ਼ਵਾਸ ਦੀ ਖ਼ਾਤਰ ਮਰ ਜਾਣਾ ਵੀ ਕਿਉਂ ਨਾ ਹੋਵੇ (ਪਰਕਾਸ਼ 2: 10)। ਸਾਨੂੰ ਉਵੇਂ ਹੀ ਕਰਨ ਲਈ ਤਿਆਰ ਰਹਿਣਾ ਜ਼ਰੂਰੀ ਹੈ।

ਉਸ ਦੀ ਸਮਝ। ਅਸਤਰ ਨੇ ਹਾਮਾਨ ਨਾਲ ਨਜਿੱਠਣ ਦੇ ਤਰੀਕੇ ਅਤੇ ਯਹੂਦੀਆਂ ਦੇ ਠਹਿਰਾਏ ਹੋਏ ਖਾਤਮੇ ਨਾਲ ਨਜਿੱਠਣ ਵਿਚ ਸਮਝਦਾਰੀ ਵਿਖਾਈ। ਬਾਦਸ਼ਾਹ ਅਤੇ ਹਾਮਾਨ ਨੂੰ ਲਗਾਤਾਰ ਦੋ

ਰਾਤਾਂ ਖਾਣੇ ਤੇ ਬੁਲਾ ਕੇ ਅਤੇ ਫਿਰ ਬਾਦਸ਼ਾਹ ਉੱਤੇ ਹਾਮਾਨ ਦੀ ਖੂੰਖਾਰ ਯੋਜਨਾ ਨੂੰ ਜ਼ਾਹਿਰ ਕਰਕੇ ਉਸ ਨੇ ਚਲਾਕੀ ਨਾਲ ਆਪਣੇ ਮਕਸਦ ਹਾਸਿਲ ਕੀਤੇ। ਬਾਅਦ ਵਿਚ ਉਹਨੇ ਮਾਰਦਕਈ ਦੀ ਤਰੱਕੀ ਲਈ ਬਾਦਸ਼ਾਹ ਅਤੇ ਰਾਜ ਨਾਲ ਸਮਝਦਾਰੀ ਨਾਲ ਪੇਸ਼ ਆਈ। ਉਸ ਨੇ ਯਹੂਦੀਆਂ ਨੂੰ ਉਨ੍ਹਾਂ ਦੇ ਦੁਸ਼ਮਣਾਂ ਤੋਂ ਬਚਾਉਣ ਅਤੇ ਤਰੱਕੀ ਕਰਨ ਦੇ ਯੋਗ ਬਣਾਉਣ ਲਈ ਜੋ ਜ਼ਰੂਰੀ ਸੀ ਉਹੀ ਕੀਤਾ।

ਖ਼ੁਦਾ ਚਾਹੁੰਦਾ ਹੈ ਕਿ ਉਹਦੇ ਲੋਕ ਵਫ਼ਾਦਾਰ ਹੋਣ ਅਤੇ ਉਹਦੇ ਉੱਤੇ ਭਰੋਸਾ ਕਰਨ, ਪਰ ਉਹ ਇਹ ਨਹੀਂ ਚਾਹੁੰਦਾ ਕਿ ਉਹ ਮੂਰਖ ਬਣਨ। ਕਹਾਉਤਾਂ ਦੀ ਪੂਰੀ ਕਿਤਾਬ ਵਿਚ ਉਹ ਸਾਨੂੰ ਸਮਝਦਾਰ ਬਣਨ ਲਈ ਆਖਿਆ ਗਿਆ ਹੈ। ਸਾਨੂੰ ਖ਼ੁਦਾ ਦੀ ਮਰਜ਼ੀ ਨੂੰ ਪੂਰਾ ਕਰਨ ਅਤੇ ਉਸ ਦੇ ਰਾਜ ਦੀ ਬੇਹਤਰੀ ਲਈ ਕੋਸ਼ਿਸ਼ ਕਰਦੇ ਰਹਿਣਾ ਜ਼ਰੂਰੀ ਹੈ, ਪਰ ਜਿੱਥੋਂ ਤਕ ਹੋ ਸਕੇ ਸਾਨੂੰ ਖ਼ੁਦਾ ਦੇ ਕੰਮ ਨੂੰ ਸਮਝਦਾਰੀ ਨਾਲ ਕਰਨ ਦੀ ਲੋੜ ਹੈ (ਵੇਖੋ 1 ਕੁਰਿੰਥੀਆਂ 3:10; ਕੁਲੁੱਸੀਆਂ 4:6)।

ਅਸਤਰ ਦੀ ਕੁਝ ਸਮਝ ਆਪਣੀਆਂ ਸੁਭਾਵਕ ਖੂਬੀਆਂ ਦੀ ਮੁਨਾਸਬ ਵਰਤੋਂ ਕਰਨ ਵਿਚ ਹੀ ਹੈ। ਉਹ ਦਿਲਕਸ਼ ਹੋਣ ਦੇ ਨਾਲ ਨਾਲ ਖ਼ੂਬਸੂਰਤ ਵੀ ਲਗਦੀ ਹੈ। ਮਸੀਹੀ ਕੁੜੀਆਂ ਨੂੰ ਭਾਵੇਂ ਖ਼ੂਬਸੂਰਤੀ ਦੇ ਮੁਕਾਬਲਿਆਂ ਵਿਚ ਹਿੱਸਾ ਲੈਣ ਦੀ ਸਲਾਹ ਨਹੀਂ ਦਿੱਤੀ ਜਾਣੀ ਚਾਹੀਦੀ ਪਰ ਮਰਦ ਹੋਵੇ ਜਾਂ ਔਰਤ, ਹਰ ਮਸੀਹੀ ਨੂੰ ਖ਼ੁਦਾ ਦੀ ਸੇਵਾ ਵਿਚ ਵਰਤੇ ਜਾਣ ਲਈ ਆਪਣੇ ਗੁਣਾਂ ਨੂੰ ਵਧਾਉਣਾ ਚਾਹੀਦਾ ਹੈ। ਕੋਈ ਭਾਵੇਂ ਅਕਲਮੰਦ ਹੈ, ਦਿਲਕਸ਼ ਹੈ, ਰਿਸ਼ਟ ਪੁਸ਼ਟ ਹੈ, ਸੋਹਣਾ ਹੈ, ਜਾਂ ਸੰਗੀਤ ਦਾ ਮਾਹਿਰ ਹੈ, ਉਹ ਨੂੰ ਇਹ ਸਿੱਖਣਾ ਚਾਹੀਦਾ ਹੈ ਕਿ ਉਹ ਉਨ੍ਹਾਂ ਯੋਗਤਾਵਾਂ ਨੂੰ ਜਿਹੜੀਆਂ ਉਹਦੇ ਕੋਲ ਹਨ ਖ਼ੁਦਾ ਦੀ ਵਡਿਆਈ ਅਤੇ ਦੂਜਿਆਂ ਦੀ ਸੇਵਾ ਲਈ ਕਿਵੇਂ ਵਰਤ ਸਕਦਾ ਹੈ।

ਖ਼ੁਦਾ ਵੱਲੋਂ ਰੱਬੀ ਇੰਤਜ਼ਾਮ ਦੇ ਰਾਹੀਂ ਵਰਤੇ ਜਾਣ ਲਈ ਉਹਦੀ ਤਿਆਰੀ। ਅਸਤਰ ਦੀ ਸ਼ਾਇਦ ਸਭ ਤੋਂ ਸਲਾਹੁਣਯੋਗ ਯੋਗਤਾ ਖ਼ੁਦਾ ਵੱਲੋਂ ਰੱਬੀ ਇੰਤਜ਼ਾਮ ਦੇ ਰਾਹੀਂ ਵਰਤੇ ਜਾਣ ਦੀ ਉਹਦੀ ਤਿਆਰੀ ਹੈ। ਮਾਰਦਕਈ ਨੇ ਉਸ ਨੂੰ ਬਾਦਸ਼ਾਹ ਨੂੰ ਮਿਲਣ ਲਈ ਜਾਣ ਵਾਸਤੇ ਆਖਦਿਆਂ ਕਿਹਾ, ''ਕੀ ਜਾਣੀਏ ਕਿ ਤੂੰ ਅਜੇਹੇ ਵੇਲੇ ਲਈ ਪਾਤਸ਼ਾਹੀ ਤੀਕ ਪੁੱਜੀ ਹੈਂ?'' (4:14)। ਅਸਤਰ ਨੇ ਉਸ ਵਿਸ਼ਵਾਸ ਨਾਲ ਕਿ ਖ਼ੁਦਾ ਨੇ ਸਚਮੁਚ ਰੱਬੀ ਇੰਤਜ਼ਾਮ ਦੇ ਰਾਹੀਂ ਉਸ ਨੂੰ ਗੱਦੀ ਉੱਤੇ ਬਿਠਾਇਆ ਹੈ ਤਾਂ ਜੋ ਉਸ ਦੇ ਲੋਕਾਂ ਨੂੰ ਬਚਾਉਣ ਵਿਚ ਯੋਗਦਾਨ ਦੇ ਸਕੇ, ਮਾਰਦਕਈ ਦੀ ਚੁਣੌਤੀ ਨੂੰ ਕਬੂਲ ਕਰ ਲਿਆ।

ਸਾਨੂੰ ਉਸ ਦੀ ਉਦਾਹਰਣ ਨੂੰ ਮੰਨਣ ਲਈ ਤਿਆਰ ਹੋਣ ਦੀ ਲੋੜ ਹੈ। ਸਾਡੇ ਕੰਮ, ਮੌਕੇ ਜਾਂ ਸ਼ੌਕ ਜੋ ਵੀ ਹੋਣ, ਸਾਨੂੰ ਆਪਣੇ ਆਪ ਨੂੰ ਇਹ ਪੁੱਛਣ ਦੀ ਲੋੜ ਹੈ, ''ਭਲਾ ਮੈਂ ਰਾਜ ਵਿਚ ਅਜਿਹੇ ਹੀ ਸਮੇਂ ਲਈ ਆਇਆ ਹਾਂ? ਭਲਾ ਖ਼ੁਦਾ ਨੇ ਮੈਨੂੰ ਉਹਦੇ ਲਈ ਕੁਝ ਕਰਨ ਲਈ ਇਸ ਰੁਤਬੇ ਤਕ ਪਹੁੰਚਾਇਆ ਹੈ? ਭਲਾ ਮੈਂ ਉਹਦੇ ਕੰਮ ਲਈ ਵਰਤਿਆ ਜਾਣ ਲਈ ਤਿਆਰ ਹਾਂ?'' ਸਾਨੂੰ ਇਸ ਉਮੀਦ ਅਤੇ ਵਿਸ਼ਵਾਸ ਵਿਚ ਜੀਉਣਾ ਚਾਹੀਦਾ ਹੈ ਕਿ ਖ਼ੁਦਾ ਸਾਨੂੰ ਆਪਣੀ ਇੱਛਾ ਨੂੰ ਪੂਰੀ ਕਰਨ ਲਈ ਵਰਤ ਰਿਹਾ ਹੈ (ਵੇਖੋ ਰੋਮੀਆਂ 8:28)। ਇਸ ਤਰ੍ਹਾਂ ਨਾਲ ਜੀਉਣ ਲਈ ਖ਼ੁਦਾ ਅਤੇ ਉਸ ਦੇ ਰੱਬੀ ਇੰਤਜ਼ਾਮ ਵਿਚ ਵਿਸ਼ਵਾਸ ਕਰਨਾ ਜ਼ਰੂਰੀ ਹੈ। ਸਾਨੂੰ ਇਹ ਭਰੋਸਾ ਕਰਨਾ ਜ਼ਰੂਰੀ ਹੈ ਕਿ ਉਸ ਦੀ ਇੱਛਾ ਸਾਡੇ ਰਾਹੀਂ ਪੂਰੀ ਹੋ ਰਹੀ ਹੈ।

ਸਾਰ। ਅਸਤਰ ਵੱਲੋਂ ਕੀਤੀ ਗਈ ਹਰ ਗੱਲ ਨੂੰ ਸਾਡੇ ਲਈ ਚੰਗੀ ਉਦਾਹਰਣ ਦੇ ਰੂਪ ਵਿਚ ਨਹੀਂ ਵੇਖਿਆ ਜਾਣਾ ਚਾਹੀਦਾ। ਪਰ ਅਸੀਂ ਵਫ਼ਾਦਾਰੀ, ਦਲੇਰੀ ਅਤੇ ਸਮਝਦਾਰੀ ਦੀਆਂ ਉਸ ਦੀਆਂ ਉਦਾਹਰਣਾਂ ਨੂੰ ਮੰਨ ਸਕਦੇ ਹਾਂ ਅਤੇ ਸਾਨੂੰ ਉਨ੍ਹਾਂ ਨੂੰ ਮੰਨਣਾ ਚਾਹੀਦਾ ਹੈ। ਉਹਦੇ ਵਾਂਗ ਹੀ ਸਾਨੂੰ ਵੀ ਖੁਦਾ ਵੱਲੋਂ ਆਪਣੇ ਮਕਸਦਾਂ ਨੂੰ ਪੂਰਾ ਕਰਨ ਲਈ ਰੱਬੀ ਇੰਤਜ਼ਾਮ ਦੇ ਰਾਹੀਂ ਵਰਤੇ ਜਾਣ ਲਈ ਤਿਆਰ ਰਹਿਣਾ ਚਾਹੀਦਾ ਹੈ।

ਸਭ ਤੋਂ ਵਧ ਕੇ ਸਾਨੂੰ ਪ੍ਰਭੂ ਦੇ ਸੱਦੇ ਦੀ ਗੱਲ ਮੰਨ ਕੇ ਜਵਾਬ ਦੇਣ ਵਿਚ ਦਲੇਰ ਹੋਣਾ ਜ਼ਰੂਰੀ ਹੈ। ਬਚਾਏ ਜਾਣ ਲਈ, ਸਾਡੇ ਲਈ ਆਪਣੇ ਪਾਪਾਂ ਨੂੰ ਮੰਨ ਕੇ ਅਤੇ ਯਿਸੂ ਮਸੀਹ ਵਿਚ ਆਪਣੇ ਵਿਸ਼ਵਾਸ

ਦਾ ਇਕਰਾਰ ਕਰਨਾ ਕਿ ਉਹ ਪਰਮੇਸ਼ੁਰ ਦਾ ਪੁੱਤਰ ਹੈ, ਜ਼ਰੂਰੀ ਹੈ। ਅਸੀਂ ਪੜ੍ਹਦੇ ਹਾਂ:

> ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ। ਧਰਮ ਲਈ ਤਾਂ ਹਿਰਦੇ ਨਾਲ ਨਿਹਚਾ ਕਰੀਦੀ ਅਤੇ ਮੁਕਤੀ ਨਾਲ ਮੂੰਹ ਨਾਲ ਇਕਰਾਰ ਕਰੀਦਾ ਹੈ (ਰੋਮੀਆਂ 10:9, 10)।

ਸਾਨੂੰ ਆਪਣੇ ਪਾਪਾਂ ਦੀ ਮਾਫ਼ੀ ਲਈ ਤੋਬਾ ਕਰਕੇ ਬਪਤਿਸਮਾ ਲੈਣ ਦਾ ਇਰਾਦਾ ਕਰਨਾ ਵੀ ਜ਼ਰੂਰੀ ਹੈ: ''ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ'' (ਕਰਤੱਬ 2:38)।

ਇਨ੍ਹਾਂ ਹੁਕਮਾਂ ਲਈ ਆਪਣੇ ਆਪ ਨੂੰ ਦੇ ਦੇਣ ਤੇ ਜਿਸ ਨਾਲ ਸਾਡੇ ਪਾਪ ਧੋਤੇ ਜਾ ਸਕਣ (ਕਰਤੱਬ 22:16), ਸਾਨੂੰ ਮਸੀਹ ਦੇ ਨਾਲ ਇਕ ਨਵੀਂ ਤਰ੍ਹਾਂ ਦੀ ਜ਼ਿੰਦਗੀ ਵਿਚ ਚੱਲਣ ਦਾ ਮੌਕਾ ਮਿਲਦਾ ਹੈ। ਪੌਲੁਸ ਨੇ ਲਿਖਿਆ, ''ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ ਉਹ ਦੇ ਨਾਲ ਦਫ਼ਨਾਏ ਗਏ ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤਿਵੇਂ ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ'' (ਰੋਮੀਆਂ 6:4)। ਜੇ ਅਸੀਂ ਇਸ ਨਵੀਂ ਜ਼ਿੰਦਗੀ ਵਿਚ ਵਫ਼ਾਦਰੀ ਨਾਲ ਚੱਲੀਏ, ਤਾਂ ਸਾਨੂੰ ਵਿਜੇਤਾ ਦਾ ਤਾਜ ਮਿਲੇਗਾ ਜਿਹੜਾ ਸੁਰਗ ਵਿਚ ਸਾਡੀ ਉਡੀਕ ਕਰ ਰਿਹਾ ਹੈ (2 ਤਿਮੋਥਿਉਸ 4:8; ਯਾਕੂਬ 1:12; 1 ਪਤਰਸ 5:4; ਪਰਕਾਸ਼ 2:10)।

ਫ਼ਾਰਸੀ ਬਾਦਸ਼ਾਹ ਦੇ ਪ੍ਰਤੀ ਮਾਰਦਕਈ ਦੀ ਵਫ਼ਾਦਾਰੀ (2:19-23)

ਅਸਤਰ ਦੀ ਕਿਤਾਬ ਭਾਵੇਂ ਇਹ ਵਿਖਾਉਂਦੀ ਹੈ ਕਿ ਯਹੂਦੀਆਂ ਦੇ ਦੁਸ਼ਮਣ ਹੈ ਸਨ, ਪਰ ਇਹ ਇਹ ਸਬੂਤ ਵੀ ਦਿੰਦੀ ਹੈ ਕਿ ਉਹ ਆਪ ਫ਼ਾਰਸੀ ਸਲਤਨਤ ਦੇ ਸਹੀ ਹਾਕਮਾਂ ਲਈ ਕੋਈ ਖ਼ਤਰਾ ਨਹੀਂ ਸੀ। ਜੇ. ਜੀ. ਮੈਕਨੋਵਿੱਲ ਨੇ ਮਾਰਦਕਈ ਦੇ ਬਾਦਸ਼ਾਹ ਦੀ ਜਾਨ ਬਚਾਉਣ ਤੇ ਟਿੱਪਣੀ ਕੀਤੀ, ਇਹ ਸੁਝਾਅ ਦਿੰਦਿਆਂ ਕਿ ਅਹਸ਼ਵੇਰੋਸ਼ ਨੇ ਆਪਣੇ ਖ਼ੁਦਾ ਦੇ ਪ੍ਰਤੀ ਯਹੂਦੀਆਂ ਦੀ ਵਫ਼ਾਦਾਰੀ ਤੇ ਵਿਚਾਰ ਕੀਤਾ ਹੋਵੇਗਾ ਅਤੇ ਅਤੇ ਆਪਣੀ ਸ਼ਰ੍ਹਾ ਅਤੇ ਆਪਣੀ ਸ਼ਰ੍ਹਾ ''ਉਹਦੀਆਂ ਦਿਲਚਸਪੀਆਂ ਨਾਲ ਬੇਮੇਲ'' ਲੱਗੀ ਹੋਵੇਗੀ। ਪਰ ਅਸਤਰ ਦੇ ਲੇਖਕ ਨੂੰ ''ਇਹ ਵਿਖਾਉਣ ਵਿਚ ਤਕਲੀਫ਼ ਹੋਈ ਕਿ ਵਫ਼ਾਦਾਰੀ ਦਾ ਚੰਗੇ ਨਾਗਰਿਕ ਦੇ ਫ਼ਰਜ਼ਾਂ ਨਾਲ *ਕੋਈ ਟਕਰਾਅ* ਹੋਣਾ ਜ਼ਰੂਰੀ ਨਹੀਂ ਸੀ।'' ਬਾਦਸ਼ਾਹ ਦੇ ਵੱਲੋਂ ਮਾਰਦਕਈ ਦੀ ਕਾਰਵਾਹੀ ਇਹ ਸਾਬਿਤ ਕਰਦੀ ਹੈ ਕਿ ਸਲਤਨਤ ਵਿਚ ਯਹੂਦੀ ਹੋਣ ਦਾ ਮਤਲਬ ਉਲਟੇ ਇਰਾਦੇ ਵਾਲਾ ਹੋਣਾ ਨਹੀਂ ਸੀ।

ਇਸੇ ਤਰ੍ਹਾਂ ਨਾਲ ਨਵੇਂ ਨੇਮ ਦੇ ਸਮਿਆਂ ਵਿਚ ਸਰਕਾਰੀ ਅਧਿਕਾਰੀਆਂ ਨੂੰ ਲਗਦਾ ਸੀ ਕਿ ਯਿਸੂ ਮਸੀਹ ਅਤੇ ਉਸ ਦੇ ਪੈਰੋਕਾਰ ਰੋਮੀ ਸਲਤਨਤ ਲਈ ਖ਼ਤਰਾ ਹਨ; ਪਰ ਯਿਸੂ ਇਹ ਸਪੱਸ਼ਟ ਕਰਨ ਵਿਚ ਚੌਕਸ ਸੀ ਕਿ ਉਸ ਦਾ ਰਾਜ ''ਇਸ ਜਗਤ ਤੋਂ ਨਹੀਂ'' ਸੀ (ਯੂਹੰਨਾ 18:36) ਅਤੇ ਇਸ ਕਰਕੇ ਉਹ ਰੋਮੀ ਹਕੂਮਤ ਲਈ ਕੋਈ ਅਸਲ ਖ਼ਤਰਾ ਨਹੀਂ ਸੀ। ਉਸ ਨੇ ਕਿਹਾ ਕਿ ਲੋਕਾਂ ਨੂੰ ਚਾਹੀਦਾ ਹੈ ਕਿ ''ਜਿਹੜੀਆਂ ਚੀਜ਼ਾਂ ਕੈਸਰ ਦੀਆਂ ਹਨ ਉਹ ਕੈਸਰ ਨੂੰ'' ਦੇਣ (ਮੱਤੀ 22:21)। ਉਸ ਦੀ ਪੈੜ ਤੇ ਚੱਲਦਿਆਂ, ਉਸ ਦੇ ਚੇਲਿਆਂ ਨੇ ਸਿਖਾਇਆ ਕਿ ਕਲੀਸੀਆ ਕੈਸਰ ਦੇ ਰਾਜ ਦਾ ਮੁਕਾਬਲਾ ਕਰਨ ਲਈ ਨਹੀਂ ਸੀ। ਉਨ੍ਹਾਂ ਨੇ ਯਿਸੂ ਦੇ ਪੈਰੋਕਾਰਾਂ ਨੂੰ ਅਧਿਕਾਰੀਆਂ ਦੀ ਮੰਨਣ ਅਤੇ ''ਪਾਤਸ਼ਾਹ ਦਾ ਆਦਰ'' (1 ਪਤਰਸ 2:17) ਕਰਨ ਲਈ ਕਿਹਾ।

ਅੱਜ ਮਸੀਹੀ ਲੋਕਾਂ ਨੂੰ ਉਵੇਂ ਹੀ ਕਰਨਾ ਜ਼ਰੂਰੀ ਹੈ। ਅਸੀਂ ਇਕ ਆਤਮਿਕ ਰਾਜ ਦੇ ਲੋਕ ਹਾਂ ਅਤੇ ਅਸੀਂ ਕਿਸੇ ਵੀ ਸਰਕਾਰ ਦੇ ਤਹਿਤ ਖੁਸ਼ੀ ਖੁਸ਼ੀ ਰਹਿ ਸਕਦੇ ਹਾਂ। ਅਸੀਂ ਕਿਸੇ ਬਾਦਸ਼ਾਹ ਲਈ

ਕੋਈ ਖ਼ਤਰਾ ਨਹੀਂ ਬਣਦੇ ਕਿਉਂ ਜੋ ਅਸੀਂ ਕਾਨੂੰਨ ਦੀ ਪਾਲਣਾ ਕਰਦੇ ਹਾਂ, ਜਦ ਤਕ ਇਹ ਖ਼ੁਦਾ ਦੇ ਹੁਕਮਾਂ ਨੂੰ ਤੋੜਨ ਲਈ ਨਾ ਆਖੇ (ਕਰਤੱਬ 5:29)। ਜੇ ਅਸੀਂ ਇਹ ਯਾਦ ਰੱਖੀਏ ਕਿ ਖ਼ੁਦਾ ਦੇ ਪ੍ਰਤੀ ਵਫ਼ਾਦਾਰੀ ਉਸ ਸਰਕਾਰ ਨਾਲ ਵਫ਼ਾਦਾਰੀ ਵਿਚ ਕੋਈ ਟਕਰਾਅ ਪੈਦਾ ਨਹੀਂ ਕਰਦੀ ਜਿਸ ਦੇ ਤਹਿਤ ਅਸੀਂ ਰਹਿੰਦੇ ਹਾਂ, ਤਾਂ ਲੋਕਾਂ ਦੇ ਰੂਪ ਵਿਚ ਅਤੇ ਪ੍ਰਭੂ ਦੀ ਕਲੀਸੀਆ ਦੇ ਰੂਪ ਵਿਚ ਅਸੀਂ ਬੇਹਤਰ ਲੋਕ ਹੋਵਾਂਗੇ।

ਟਿੱਪਣੀਆਂ

[1]ਹੇਰੋਦੋਤਸ *ਹਿਸਟਰੀਜ਼* 9.108. ਹੇਰੋਦੋਤਸ ਇਕ ਯੂਨਾਨੀ ਇਤਹਾਸਕਾਰ ਸੀ ਜੋ 484 ਤੋਂ 425 ਈ.ਪੂ. (ਮਸੀਹ ਤੋਂ ਪਹਿਲਾਂ) ਦੇ ਲਗਭਗ ਹੋਇਆ ਜਿਸ ਨੂੰ ''ਇਤਹਾਸ ਦਾ ਪਿਤਾਮਾਹ'' ਆਖਿਆ ਜਾਂਦਾ ਸੀ, ਉਸ ਦਾ ਕੰਮ ਮੁੱਖ ਤੌਰ ਤੇ ਫ਼ਾਰਸੀ ਜੰਗਾਂ ਉੱਤੇ ਕੇਂਦ੍ਰਿਤ ਸੀ। [2]ਵੇਖੋ ਜੋਸੇਫ਼ਸ *ਐਂਟਿਕੁਇਟੀਜ਼* 11.6.2; *ਅਸਤਰ ਰੱਬਾਹ* 5.2. [3]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ 4, *1 ਰਾਜਿਆਂ–ਅੱਯੂਬ*, ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 804 ਵਿਚ ਐੱਫ਼. ਬੀ. ਹੁਏ, ਜੂਨੀਅਰ, ''ਅਸਤਰ।'' ਅਸਤਰ ਦੀ ਕਿਤਾਬ ਦੇ ਲੇਖਕ ਨੇ ਵਸ਼ਤੀ ਦੇ ਅੰਤ ਬਾਰੇ ਨਹੀਂ ਦੱਸਿਆ। ਇਕ ਯਹੂਦੀ ਮਿਦ੍ਰਾਸ਼ ਵਿਚ ਕਿਹਾ ਗਿਆ ਹੈ ਕਿ ਉਸ ਨੂੰ ਕਤਲ ਕਰ ਦਿੱਤਾ ਗਿਆ ਅਤੇ ਉਸ ਦਾ ਸਿਰ ਇਕ ਥਾਲ ਵਿਚ ਬਾਦਸ਼ਾਹ ਨੂੰ ਪੇਸ਼ ਕੀਤਾ ਗਿਆ। (*ਅਸਤਰ ਰੱਬਾਹ* 4.11.) ਪਰ ਇਸ ਵਿਚਾਰ ਦਾ ਕੋਈ ਠੋਸ ਸਬੂਤ ਨਹੀਂ ਹੈ। [4]''ਸਰਦਾਰ'' ਅਤੇ ''ਟਹਿਲੂਏ'' ਆਦਮੀਆਂ ਦੇ ਦੋ ਵੱਖੋ ਵੱਖ ਗੁੱਟ ਲਗਦੇ ਹਨ (ਵੇਖੋ 1:3)। ''ਟਹਿਲੂਏ'' ਦਿਨ ਰਾਤ ਬਾਦਸ਼ਾਹ ਦੀ ਸੇਵਾ ਵਿਚ ਰਹਿੰਦੇ ਸਨ (6:1, 3)। [5]1 ਰਾਜਿਆਂ 1:1–4 ਵਿਚ ਬਜ਼ੁਰਗ ਹੋ ਚੁੱਕੇ ਬਾਦਸ਼ਾਹ ਦਾਊਦ ਦੀ ਦੇਖਭਾਲ ਲਈ ਉਹਦੀ ਸੇਵਾ ਕਰਨ ਵਾਸਤੇ ਇਕ ਖ਼ੂਬਸੂਰਤ ਜਵਾਨ ਮੁਟਿਆਰ ਨੂੰ ਲੱਭਣ ਲਈ ਅਜਿਹੀ ਹੀ ਇਕ ਤਲਾਸ਼ ਇਸਰਾਏਲ ਵਿਚ ਕੀਤੀ ਗਈ ਸੀ। [6]*ਦ ਨਿਊ ਬਾਈਬਲ ਕਮੈਂਟਰੀ: ਰਿਵਾਈਜ਼ਡ,* ਸੰਪਾ. ਡੀ. ਗੁਥਰੀ ਐਂਡ ਜੇ. ਏ. ਮੋਟਾਇਰ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1970), 415 ਵਿਚ ਜੌਇਸ ਜੀ. ਬਾਲਡਵਿਨ, ''ਅਸਤਰ।'' [7]ਉਦਾਹਰਣ ਲਈ, ਕਲੇਟਨ ਵਿੰਟਰਜ਼ ਨੇ ਧਿਆਨ ਦੁਆਇਆ ਕਿ ਪੁਰਾਣੇ ਜ਼ਮਾਨੇ ਵਿਚ ਔਰਤਾਂ ''ਬਦਤਰੀਨ ਬਦਸਲੂਕੀ ਵਿਚ ਰਹਿੰਦੀਆਂ'' ਸਨ ਅਤੇ ਖ਼ਾਸ ਤੌਰ ਤੇ, ਬਹੁਪਤਨੀ ਦੀ ਪਰੰਪਰਾ ਨੇ ''ਖ਼ੁਦਾ ਦੀ ਸਭ ਤੋਂ ਸ਼ਾਨਦਾਰ ਰਚਨਾ ਨੂੰ ਸਿਰਫ਼ ਸਰੀਰਕ ਵਰਤੋਂ ਅਤੇ ਦੁਰਵਰਤੋਂ ਦੀ ਚੀਜ਼'' ਬਣਾ ਦਿੱਤਾ। (ਕਲੇਟਨ ਵਿੰਟਰਜ਼, *ਕਮੈਂਟਰੀ ਆਨ ਅਸਤਰ–ਨਹਮਯਾਹ–ਅਸਤਰ* [ਅਬਿਲੇਨ, ਟੈਕਸਸ: ਕੁਆਲਿਟੀ ਪਬਲੀਕੇਸ਼ੰਜ਼, 1991], 167.) [8]ਇਹ ਵੀ ਸੱਚ ਹੈ ਕਿ ਸਮੇਂ ਦੇ ਇਸ ਕਾਲ ਦੌਰਾਨ ਰਹਿਣ ਵਾਲੇ ਗੈਰਕੌਮਾਂ ਦਾ ਨਿਆਂ ਮੂਸਾ ਦੀ ਸ਼ਰ੍ਹਾ ਜਾਂ ਮਸੀਹ ਦੀ ਸ਼ਰ੍ਹਾ ਨੂੰ ਤੋੜਨ ਲਈ ਨਹੀਂ ਹੋਇਆ (ਜਾਂ ਹੋਵੇਗਾ), ਬਲਕਿ ਉਸ ਇਖ਼ਲਾਕੀ ਨਿਯਮ ਨੂੰ ਤੋੜਨ ਕਰਕੇ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇਗੀ ਜਿਹੜਾ ਉਨ੍ਹਾਂ ਦੇ ਦਿਲਾਂ ਅਤੇ ਅੰਤਹਕਰਣ ਉੱਤੇ ਲਿਖਿਆ ਹੋਇਆ ਸੀ। [9]ਇਕ ਹੋਰ ਵਿਆਖਿਆ ਇਹ ਹੈ ਕਿ ''ਸ਼ਿਮਈ'' ਅਤੇ ''ਕੀਸ਼'' ''ਆਪਣੇ ਦਾਦੇ ਅਤੇ ਪੜਦਾਦੇ ਦੀ ਬਜਾਇ, ਮਾਰਦਕਈ ਦੇ ਦੂਰ ਦੇ ਮਸ਼ਹੂਰ ਪੂਰਵਜਾਂ'' ਦੇ ਨਾਂਅ ਸਨ। (ਕੈਰੀ ਏ. ਮੂਰ, *ਅਸਤਰ,* ਦ ਐਂਕਰ ਬਾਈਬਲ, ਜਿਲਦ 7ਬੀ [ਨਿਊ ਯਾਰਕ: ਡਬਲਡੇਅ ਐਂਡ ਕੰ., 1971], 19.) ਵੇਖੋ 1 ਸਮੂਏਲ 9:1, 2; 2 ਸਮੂਏਲ 16:15. [10]ਸੀ. ਐੱਫ਼. ਕੇਲ, *ਦ ਬੁਕਸ ਆਫ਼ ਅਸਤਰ, ਨਹਮਯਾਹ ਐਂਡ ਅਸਤਰ*, ਅਨੁ. ਸੋਫ਼ੀਆ ਟੇਅਲਰ, ਬਿਬਲੀਕਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., ਮਿਤੀ ਰਹਿਤ), 336. ਜੇ ਇਹ ਵਿਚਾਰ ਸਹੀ ਹੈ, ਤਾਂ ਇਹ ਪੈਰ੍ਹਾ ਉਤਪਤ 46:27 ਦੇ ਨਾਲ ਮਿਲਦਾ ਹੋਵੇਗਾ।

[11]*ਬ੍ਰੌਡਮੈਨ ਬਾਈਬਲ ਕਮੈਂਟਰੀ*, ਜਿਲਦ 4, *ਅਸਤਰ–ਜ਼ਬੂਰਾਂ* (ਨੈਸ਼ਵਿਲ: ਬ੍ਰੌਡਮੈਨ ਪ੍ਰੈੱਸ, 1971),

8 ਵਿਚ ਰੇਡਾਰ ਬੀ. ਬਜੋਰਨਾਰਡ, ''ਅਸਤਰ।'' [12]*ਮਰਦੂਕਾ* ਨਾਂਅ ਦੇ ਸੰਸਕਰਣ ਕਈ ਪ੍ਰਾਚੀਨ ਦਸਤਾਵੇਜ਼ਾਂ ਤੋਂ ਮਿਲੇ ਹਨ। (ਐਡਵਿਨ ਐੱਮ. ਯਾਮੋਚੀ, *ਪਰਸ਼ੀਆ ਐਂਡ ਦ ਬਾਈਬਲ* [ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1990], 235.) [13]''ਨਬੂਵਤੀ ਪ੍ਰਤੀਕਵਾਦ ਵਿਚ ਹਿਨਾ [ਮਹਿੰਦੀ] ਉਜਾੜ ਦੀਆਂ ਕੰਡਿਆਲੀਆਂ ਝਾੜੀਆਂ ਅਤੇ ਕੰਡਿਆਂ ਦੀ ਥਾਂ ਹੋਣੀ ਸੀ, ਸੋ ਇਹ ਯਹੋਵਾਹ ਵੱਲੋਂ ਆਪਣੇ ਲੋਕਾਂ ਦੀ ਮਾਫ਼ੀ ਅਤੇ ਉਨ੍ਹਾਂ ਨੂੰ ਕਬੂਲੇ ਜਾਣ ਨੂੰ ਵਿਖਾਉਂਦਾ ਸੀ'' (ਯਸ਼ਾਯਾਹ 41:19; 55:13; ਤੁਲਨਾ ਜ਼ਕਰਯਾਹ 1:8)। ਮਹਿੰਦੀ ਦੀਆਂ ਟਹਿਣੀਆਂ ਅਜੇ ਵੀ ਡੇਰਿਆਂ ਦੇ ਪਰਬ ਦੇ ਜਲੂਸ ਵਿਚ ਲਿਜਾਈਆਂ ਜਾਂਦੀਆਂ ਹਨ ਅਤੇ ਇਹ ਸ਼ਾਂਤੀ ਅਤੇ ਸ਼ੁਕਰਗੁਜ਼ਾਰੀ ਨੂੰ ਦਰਸਾਉਂਦੀਆਂ ਹਨ (ਜੌਇਸ ਜੀ. ਬਾਲਡਵਿਨ, *ਅਸਤਰ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ [ਡਾਊਨਰਜ਼ ਗ੍ਰੋਵ, ਇਲਿਨੋਇ: ਇੰਟਰ-ਵਰਸਿਟੀ ਪ੍ਰੈੱਸ, 1984], 66)। [14]2:15 ਵਿਚ ਅਸਤਰ ਨੂੰ ''ਅਬੀਹਯਿਲ ਦੀ ਧੀ'' ਦੱਸਿਆ ਗਿਆ ਹੈ। [15]ਹੁਏ, 808. [16]ਹੇਰੋਦੋਤਸ *ਹਿਸਟਰੀਜ਼* 3.67. [17]ਅਲਗਜ਼ੈਂਡਰ ਕਾਰਸਨ, *ਕੌਨਫ਼ਿਡੈਂਸ ਇਨ ਗੌਡ ਇਨ ਟਾਈਮਜ਼ ਆਫ਼ ਡੇਂਜਰ—ਡਿਵਾਈਨ ਪ੍ਰੌਵਿਡੈਂਸ: ਏ ਸਟੱਡੀ ਆਫ਼ ਗੌਡ'ਜ਼ ਪ੍ਰੌਵਿਡੈਂਸ ਇਨ ਦ ਬੁਕ ਆਫ਼ ਅਸਤਰ* (ਪੈਂਸਾਕੋਲਾ, ਫ਼ਿਲਾਡੈਲਫ਼ੀਆ: ਚੈਪਲ ਲਾਇਬ੍ਰੇਰੀ, ਮਿਤੀ ਰਹਿਤ), 6. [18]ਮਾਈਕਲ ਵੀ. ਫ਼ੌਕਸ, *ਕਰੈਕਟਰ ਐਂਡ ਆਈਡਿਓਲੋਜੀ ਇਨ ਦ ਬੁਕ ਆਫ਼ ਅਸਤਰ*, ਜਿਲਦ 2ਜੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 2001), 38. [19]1970 ਦੇ ਦਹਾਕੇ ਵਿਚ ਸ਼ੂਸ਼ਨ ਦੇ ਮਹਿਲ ਤੋਂ 260 ਫੁੱਟ ਦੇ ਕਰੀਬ ਪੂਰਬ ਵੱਲ ਇਕ ਯਾਦਗਾਰੀ ਫਾਟਕ ਘਰ ਦੀ ਖੁਦਾਈ ਕੀਤੀ ਗਈ। ਯਾਮੋਚੀ, 298-300 ਵਿਚ ਵੇਰਵਾ ਵੇਖੋ। [20]ਏ. ਟੀ. ਓਮਸਟੱਡ, *ਹਿਸਟਰੀ ਆਫ਼ ਦ ਪਰਸ਼ੀਅਨ ਐਂਪਾਇਰ* (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 1948), 289.

[21]ਹੇਰੋਡੋ ਨੇ ਲਿਖਿਆ ਕਿ ਇਸੇ ਤਰ੍ਹਾਂ, ਫ਼ਾਰਸੀ ਜੰਗਾਂ ਦੌਰਾਨ, ਅਕਸ਼ਰਕਸ਼ਸ ਨੇ ਆਪਣੇ ਲਿਖਾਰੀਆਂ ਨੂੰ ਵੱਡੇ ਕਾਰਨਾਮੇ ਕਰਨ ਵਾਲਿਆਂ ਦੇ ਨਾਂਅ ਲਿਖਣ ਦਾ ਹੁਕਮ ਦਿੱਤਾ। (ਹੇਰੋਦੋਤਸ *ਹਿਸਟਰੀਜ਼* 8.90.) 6:3 ਤੇ ਟਿੱਪਣੀਆਂ ਵੇਖੋ। [22]ਜੇ. ਜੀ. ਮੈਕੋਨਵਿਲ, *ਅਸਤਰ, ਨਹਮਯਾਹ, ਐਂਡ ਅਸਤਰ*, ਦ ਡੇਅਲੀ ਸਟੱਡੀ ਬਾਈਬਲ ਸੀਰੀਜ਼ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1985), 163-64.